# ਜਸਟਿਸ ਫੋਰ ਸਿੱਧੂ ਮੂਸੇਵਲਾ

## ਵੋਲੀਉਮ 2

## Vol. 2


## ਹਿਤੇਸ਼ ਕੁਮਾਰ ਮੁਟਰੇਜਾ


ਉੱਚੀ ਰੱਖੀ ਸੋਚ ਮਾਲਕਾ

ਨਾ ਮੰਨ 'ਚ ਆਵੇ ਖੋਟ ਮਾਲਕਾ

ਆਹੀ ਅਰਦਾਸ ਸਾਡੀ ਰੋਜ਼ ਮਾਲਕਾ

ਸੱਚੇ ਰਹੇ ਸਫ਼ਰਾਂ ਚੱਲਦਿਆਂ

ਸਾਡੀ ਮਿਹਨਤ 'ਚ ਨਾ ਰਹੇ ਕੋਈ

ਟੋਟ ਮਾਲਕਾ


JEC Publication

**ਪ੍ਰਕਾਸ਼ਕ ਅਤੇ ਵਿਤਰਕ**

ਪਹਿਲੀ ਵਾਰ 2023 ਵਿੱਚ ਜੇ. ਈ. ਸੀ ਪਰਕਾਸ਼ਨ  ਦੁਆਰਾ ਪ੍ਰਕਾਸ਼ਿਤ ਕੀਤਾ ਗਿਆ
ਅਲੀਨਗਰ, ਮੁਗ਼ਲ ਸਰਾਏ, ਚੰਦੌਲੀ (ਯੂ.ਪੀ.), **232101**
**MSME** ਅਤੇ **ISO** ਪ੍ਰਮਾਣਿਤ ਕੰਪਨੀ ਅਧੀਨ **Regd**
ਈਮੇਲ: **Jecpublication@gmail.com**
ਵੈੱਬਸਾਈਟ: **https://www.jecpublication.com**

ਜੇ. ਈ. ਸੀ ਪਰਕਾਸ਼ਨ  ਅਤੇ ਇਸ ਦਾ ਲੋਗੋ ਦੇ ਟਰੇਡ-ਮਾਰਕ ਹਨ
ਜੇ. ਈ. ਸੀ ਪਰਕਾਸ਼ਨ , ਮੁਗ਼ਲ ਸਰਾਏ

ਸਿਰਲੇਖ: **ਜਸਟਿਸ ਫੋਰ ਸਿੱਧੂ ਮੂਸੇਵਾਲਾ ਵੋਲੀਉਮ** 2
ਦੁਆਰਾ : **ਹਿਤੇਸ਼ ਕੁਮਾਰ ਮੁਟਰੇਜਾ**
ਭਾਸ਼ਾ: ਪੰਜਾਬੀ
ਕਾਪੀ-ਰਾਈਟ © **ਹਿਤੇਸ਼ ਕੁਮਾਰ ਮੁਟਰੇਜਾ**
**ISBN:** 978-93-5749-314-7
ਕੀਮਤ: **349/-**
ਪੰਨੇ  ਦੀ ਸੰਖਿਆ: **102**
ਪ੍ਰਿਥਵੀ ਰਾਜ ਸਿੰਘ ਦੁਆਰਾ ਟਾਈਮਜ਼ ਨਿਊ ਰੋਮਨ ਵਿੱਚ ਟਾਈਪਸੇਟ
ਜੇ. ਈ. ਸੀ ਪਰਕਾਸ਼ਨ ™ ਦੁਆਰਾ ਤਿਆਰ ਕੀਤਾ ਗਿਆ ਹੈ
ਜੇ. ਈ. ਸੀ ਪ੍ਰਿੰਟਿੰਗ ਤਕਨਾਲੋਜੀ (ਭਾਰਤ) ਵਿਖੇ ਛਾਪਿਆ ਗਿਆ

ਸਾਰੇ ਹੱਕ ਰਾਖਵੇਂ ਹਨ. ਪਰਕਾਸ਼ ਕਾਂ ਦੀ ਪੂਰਵ ਲਿਖਤੀ ਇਜਾਜ਼ਤ ਤੋਂ ਬਿਨਾਂ ਇਸ ਪਰਕਾਸ਼ਨ  ਦਾ ਕੋਈ ਵੀ ਹਿੱਸਾ ਪੁਨਰ-ਨਿਰਮਾਣ, ਮੁੜ ਪ੍ਰਾਪਤੀ ਪ੍ਰਣਾਲੀ ਵਿੱਚ ਸਟੋਰ, ਜਾਂ ਕਿਸੇ ਵੀ ਰੂਪ ਵਿੱਚ ਜਾਂ ਕਿਸੇ ਵੀ ਤਰੀਕੇ ਨਾਲ, ਇਲੈਕਟ੍ਰਾਨਿਕ, ਮਕੈਨੀਕਲ, ਫ਼ੋਟੋ ਕਾਪੀ, ਰਿਕਾਰਡਿੰਗ ਜਾਂ ਹੋਰ ਤਰੀਕੇ ਨਾਲ ਪ੍ਰਸਾਰਿਤ ਨਹੀਂ ਕੀਤਾ ਜਾ ਸਕਦਾ ਹੈ। ਇਹ ਗਲਪ ਦਾ ਕੰਮ ਹੈ। ਇਸ ਪੁਸਤਕ ਵਿੱਚ ਵਰਣਿਤ ਪਾਤਰ, ਸਥਾਨ, ਸੰਸਥਾਵਾਂ ਅਤੇ ਘਟਨਾਵਾਂ ਜਾਂ ਤਾਂ ਲੇਖਕ ਦੀ ਕਲਪਨਾ ਦੀ ਰਚਨਾ ਹਨ ਜਾਂ ਉਨ੍ਹਾਂ ਨੂੰ ਕਾਲਪਨਿਕ ਢੰਗ ਨਾਲ ਵਰਤਿਆ ਗਿਆ ਹੈ। ਜੀਵਿਤ ਜਾਂ ਮਰੇ ਹੋਏ ਲੋਕਾਂ ਨਾਲ ਕੋਈ ਸਮਾਨਤਾ, ਸਥਾਨਾਂ, ਸਮਾਗਮਾਂ, ਭਾਈ ਚਾਰਿਆਂ ਜਾਂ ਸੰਸਥਾਵਾਂ ਦਾ ਨਿਰੋਲ ਇਤਫ਼ਾਕ ਹੈ।

# ਮੁਖਬੰਧ

ਇਹ ਕਿਤਾਬ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ
ਸ਼ੁੱਭਦੀਪ ਉਰਫ਼ ਸਿੱਧੂ ਮੂਸੇਵਾਲਾ 'ਤੇ ਆਧਾਰਿਤ ਹੈ।
ਕਿਤਾਬ ਦੇ ਲੇਖਕ ਹਿਤੇਸ਼ ਕੁਮਾਰ ਮੁਟਰੇਜਾ ਹਨ।
ਇਹ ਕਿਤਾਬ ਜਸਟਿਸ ਫ਼ਾਰ ਸਿੱਧੂ ਮੂਸੇ ਵਾਲਾ ਦਾ ਦੂਜਾ ਐਡੀਸ਼ਨ ਹੈ, ਅਤੇ ਇਹ ਮਨੁੱਖੀ ਕਦਰਾਂ ਕੀਮਤਾਂ ਤੇ ਇਨਸਾਫ਼ ਖ਼ਾਤਰ ਲਾਜ਼ਮੀ ਸੰਘਰਸ਼ ਨੂੰ ਮੁੱਖ ਰੱਖਦੇ ਹੋਏ ਲਿਖੀ ਗਈ ਇੱਕ ਛੋਟੀ ਜਿਹੀ ਕੋਸ਼ਿਸ਼ ਹੈ।
ਤਾਂ ਜੋ ਲੋਕ ਜਗਰੂਪ ਹੋਵਣ ਅਤੇ ਆਪਣੇ ਆਸੇ ਪਾਸੇ ਦੇ ਸਮਾਜ ਵੱਲ ਝਾਤੀ ਮਾਰਨ।
ਜਿੱਥੇ ਗ਼ਲਤ ਹੋ ਰਿਹਾ ਉਹਨੂੰ ਸਮਝਣ ਅਤੇ ਬਦਲਣ ਦੀ ਕੋਸ਼ਿਸ਼ ਕਰਨ। ਕਿਉਂਕਿ ਮੁੱਦਾ ਸੋਚਣ ਤੇ ਵਿਚਾਰਨ ਦਾ ਹੀ ਹੈ।
ਤਾਂ ਜੋ ਲੋਕ ਜਗਰੂਪ ਹੋ ਕੇ ਸਮਾਜ ਬਦਲਣ ਵਿਚ ਸਹਾਏ ਹੋਣ ਤੇ
ਇਸ ਵਿਸ਼ੇ ਨੂੰ ਮੁੱਖ ਰੱਖਦੇ ਹੋਏ ਸਿੱਧੂ ਮੂਸੇਵਾਲੇ ਦੇ ਇਨਸਾਫ਼ ਨੂੰ ਅੱਗੇ ਆਉਣ। ਉਹਨਾ ਦੇ ਮਾਤਾ ਪਿਤਾ ਦੀ ਇਨਸਾਫ਼ ਦੀ ਹਿਮਾਇਤ ਵਿਚ ਮਦਦ ਕਰਨ।
ਉਨ੍ਹਾਂ ਨਾਲ ਖੜਨ ਦੀ ਕੋਸ਼ਿਸ਼ ਕਰਨ।
ਬਹੁਤ ਘੱਟ ਲੋਕ ਗਾਇਕਾਂ ਦੇ ਰੋਲ ਮਾਡਲ ਬਣਦੇ ਹਨ।
ਹਿਤੇਸ਼ ਕੁਮਾਰ ਮੁਟਰੇਜਾ ਉਨ੍ਹਾਂ ਵਿੱਚੋਂ ਇੱਕ ਹਨ।
ਉਹ ਸਿੱਧੂ ਮੂਸੇਵਾਲਾ ਜੀ ਨੂੰ ਆਪਣਾ ਆਦਰਸ਼ ਮੰਨਦੇ ਹਨ। ਇਹ ਪੁਸਤਕ ਵਿਸ਼ੇਸ਼ ਤੌਰ 'ਤੇ ਭਾਰਤੀ ਸਮਾਜ ਲਈ ਗੰਭੀਰਤਾ ਨਾਲ ਕਦਮ

ਚੁੱਕਣ ਅਤੇ ਨਿਆਂ ਲਈ ਅਤੇ ਕਾਨੂੰਨ ਨੂੰ ਬਿਹਤਰ ਤੋਂ ਬਿਹਤਰ ਬਣਾਉਣ ਲਈ ਹੈ।

ਕਿਤਾਬ ਜਸਟਿਸ ਫ਼ਾਰ ਸਿੱਧੂ ਮੂਸੇਵਾਲਾ, ਭਾਗ 1 ਦੇ ਪਿਛਲੇ ਐਡੀਸ਼ਨ ਵੱਖ-ਵੱਖ ਪਲੇਟਫ਼ਾਰਮਾਂ 'ਤੇ ਉਪਲਬਧ ਹਨ, ਅਤੇ ਕਿਤਾਬ ਪੂਰੀ ਪੰਜਾਬੀ ਵਿੱਚ ਹੈ।

# ਹਿਤੇਸ਼ ਕੁਮਾਰ ਮੁਟਰੇਜਾ
## (ਲੇਖਕ)



ਮੇਰਾ ਨਾਮ ਹਿਤੇਸ਼ ਕੁਮਾਰ ਮੁਟਰੇਜਾ ਹੈ ਅਤੇ ਮੈਂ ਪੰਜਾਬ **ਦੇ ਪਿੰਡ ਸਘੋਲ** ਫ਼ਤਿਹਗੜ੍ਹ ਸਾਹਿਬ ਤੋਂ ਆਇਆ ਹਾਂ। ਕਾਰੋਬਾਰ ਤੋਂ ਇਲਾਵਾ, ਮੇਰੇ ਸ਼ੌਕ ਵਿੱਚ **ਕਵਿਤਾਵਾਂ ਤੇ ਗੀਤ** ਲਿਖਣਾ ਸ਼ਾਮਲ ਹੈ। ਮੈਂ ਕਈ ਸਾਲਾਂ ਤੋਂ ਪੰਜਾਬੀ ਸਾਹਿਤ 'ਤੇ ਕੰਮ ਕਰ ਰਿਹਾ ਹਾਂ। ਮੇਰੀਆਂ ਬਹੁਤੀਆਂ ਸਾਰੀਆਂ ਕਵਿਤਾਵਾਂ ਪੰਜਾਬੀ ਭਾਸ਼ਾ ਵਿੱਚ ਮਨੁੱਖਤਾ ਨਾਲ ਸੰਬੰਧਿਤ ਹਨ ਅਤੇ ਸਮਾਜ ਨੂੰ ਸਹੀ ਰਾਹ ਦਰਸਾਉਂਦੀਆਂ ਹਨ। ਮੇਰੀ ਇਹ ਕਿਤਾਬ ਮਨੁੱਖਤਾ ਬਾਰੇ ਹੈ **ਅਤੇ ਸਿੱਧੂ ਵੀਰ ਜੀ ਦੇ ਇਨਸਾਫ਼ ਦੀ ਮੰਗ ਪ੍ਰਤੀ ਹੈ।**

# Writer's note-

ਮੇਰੇ ਜ਼ਿਹਨ ਵਿਚ ਹਮੇਸ਼ਾ ਸਵਾਲ ਹੋਣਾ
ਤੁਹਾਡੇ ਲੋਕਾਂ ਦੇ ਵਜੂਦ ਦਾ।
ਪਰ ਜਵਾਬ ਹਜ਼ਾਰਾਂ ਮਿਲਦੇ
ਸਿਰਫ਼ ਤੁਹਾਡੀ ਚੁੱਪ ਕਰਕੇ।

ਸਭ ਤੋਂ ਪਹਿਲਾਂ ਵਾਹਿਗੁਰੂ ਜੀ ਦਾ ਸ਼ੁਕਰੀਆ।
ਫੇਰ ਸ਼ੁਕਰੀਆ ਤੁਹਾਡਾ ਸਾਰਿਆ ਦਾ।
ਮੇਰੇ ਦੋਸਤ ਭੈਣ ਭਰਾ ਰਿਸ਼ਤੇਦਾਰ ਤੇ ਸਭ।
ਦਿਲ ਨਾਲ ਸ਼ੁਕਰੀਆ।
ਇੰਨਾ ਸਾਰਾ ਪਿਆਰ ਤੇ ਸਨਮਾਨ।
ਇੰਝ ਲੱਗ ਰਿਹਾ ਮੈਨੂੰ ਪੂਰੇ ਪੰਜਾਬ ਨੇ ਆਪਣੇ ਗਲ ਲਾ ਲਿਆ ਹੋਵੇ। ਲੋਕ ਮੇਰੇ ਵੱਲ ਵੇਖਦੇ ਇੱਕ ਨਵੀਂ ਉਮੀਦ ਨਾਲ।
ਇੱਕ ਪਿਆਰਾ ਬੱਚਾ ਮੇਰੇ ਕੋਲ ਆ ਕੇ ਸਵਾਲ ਕਰਦਾ ।
ਵੀਰੇ ਤੁਸੀਂ ਸਿੱਧੂ ਵੀਰ ਲਈ ਕਿਤਾਬ ਲਿਖੀ।
ਉਹਦੀ ਅੱਖਾਂ ਵਿਚ ਸੀ ਅਜੀਬ ਚਮਕ ਵੇਖੀ।
ਤੇ ਵੇਖਿਆ ਮੈਂ ਪੰਜਾਬ ਦਾ ਨਵਾਂ ਭਵਿੱਖ।
ਉਮੀਦ ਦਾ ਪੰਜਾਬ। ਸੁਚੱਜੇ ਸੁਪਨਿਆਂ ਦਾ ਪੰਜਾਬ।
ਤੁਹਾਡਾ ਪੰਜਾਬ ਮੇਰਾ ਪੰਜਾਬ ਤੇ ਅਸਲ ਪੰਜਾਬ।
ਲੋਕ ਕਹਿੰਦੇ ਜਿਵੇਂ ਵੀ ਕੀਤਾ ਬਹੁਤ ਹੀ ਵਧੀਆ ਕੰਮ ਕੀਤਾ ਗਿਆ। ਮੇਰਾ ਕਿਤਾਬ ਲਿਖਣ ਦਾ ਮੁੱਖ ਉਦੇਸ਼ ਆਹੀ ਸੀ ਕੇ ਇਨਸਾਫ਼ ਪ੍ਰਤੀ ਤੁਸੀਂ ਵੀ ਜੱਦੋਜ਼ਹਿਦ ਕਰੋ ਤੇ ਇਨਸਾਨੀਅਤ ਜੋ ਕਿਧਰੇ ਖੋ ਜੀ ਗਈ ਹੋਵੇ ਉਹਨੂੰ ਲੱਭਣਾ ਤੇ ਤੁਹਾਡੀ ਸਭ ਦੀਆ ਰੂਹ ਅੰਦਰ ਮੁੜ ਸੁਰਜੀਤ ਕਰਨੀ।

ਤੇ ਮੈਂ ਕਾਮਯਾਬ ਰਿਹਾ। ਤੁਹਾਡੇ ਚਿਹਰੇ ਦੀ ਰੌਣਕ ਤੇ ਜਾਣਨ ਦੀ ਇੱਛਾ ਸ਼ਕਤੀ ਇਸ ਗਲ ਦੀ ਹਾਮੀ ਭਰਦੀ ਸਾਫ਼ ਦਿਸਦੀ ਮੈਨੂੰ।

ਮੈ ਕੋਈ ਵੱਡਾ ਇਨਸਾਨ ਨੀ ਤੁਹਾਡੇ ਵਾਂਗ ਹੀ ਹਾਂ।

ਤੇ ਮੈਂ ਰਹਿਣਾ ਵੀ ਹਮੇਸ਼ਾ ਏਸੇ ਤਰਾਂ ਹੀ ਹੈ।

ਚਲੋ ਆਜੋ ਹੁਣ ਏਸੇ ਪੰਜਾਬ ਨੂੰ ਲੱਭੀਏ।

ਸਿਦਕੀ ਪੰਜਾਬ। ਰੂਹਦਾਰੀ ਵਾਲਾ ਪੰਜਾਬ। ਹਰ ਧਰਮ ਦੇ ਲੋਕਾਂ ਦਾ ਪੰਜਾਬ।

ਗੁਰੂਆਂ ਪੀਰਾਂ ਦੀ ਧਰਤ ਪੰਜਾਬ।

ਸ਼ੁੱਭਦੀਪ ਦੇ ਖ਼ਾਬ ਵਾਲਾ ਪੰਜਾਬ।

ਇਨਸਾਫ਼ ਦੀ ਜੰਗ ਸਾਡੀ ਜਾਰੀ ਰਹਿਣੀ ਹੈ।

Then, This is  Vol 2

ਪਰ ਅੱਜ ਸਭ ਤੋਂ ਪਹਿਲਾਂ ਮੇਰੇ ਖ਼ੁਦ ਵੱਲੋਂ

ਤੁਹਾਡੇ ਸਾਰਿਆ ਦਾ ਧੰਨਵਾਦ।

By- ਹਿਤੇਸ਼ ਕੁਮਾਰ ਮੁਟਰੇਜਾ।

# INDEX


1. ਅਰਦਾਸ .......... 1
2. ਵਿਦੇਸ਼ਾਂ ਨੂੰ.......... 4
3. ਸੱਚ ਦੀ ਭਾਲ.......... 6
4. ਯਕੀਨ ਨਹੀਂ ਤਾਂ , ਪੜ੍ਹ ਕੇ ਵੇਖੋ। .......... 7
5. ਆਵਾਜ਼ ਸੁਣੋ .......... 10
6. ਸਾਫ਼ ਨੀਤਾਂ ਨੂੰ ਹੀ ਮੁਰਾਦਾਂ ਹੁੰਦੀਆਂ ਨੇ .......... 12
7. ਅੱਜ ਦਾ ਇਸ਼ਤਿਹਾਰ .......... 14
8. ਜਦ ਘਰ ਖ਼ਾਲੀ ਪੀਪਾ ਖੜਕਦਾ ਹੈ। .......... 16
9. ਹੌਸਲਾ ਹੈ ਵੱਡੀ ਸ਼ੈਅ ਤੁਸੀਂ ਕਰਕੇ ਵੇਖਣਾ।.......... 18
10. ਦਰਦ ਕਮਾਉਣਾ ਸੌਖਾ ਹੈ। .......... 20
11. ਪੈਰੋਕਾਰਾਂ ਦੇ ਫੁੱਲ .......... 22
12. ਕਬਰਾਂ ਵਰਗੀ ਚੁੱਪ.......... 25
13. ਇਕ ਆਤਿਸ਼ .......... 27
14. ਜੈ ਲੜਨਾ ਹੈ ਤਾਂ ਨਾਲ ਹਕੂਮਤਾਂ ਮੱਥਾ ਲਓ। .......... 29
15. ਵਕਤ ਨਹੀਂ ਹੈ। .......... 31
16. ਹਨੇਰਾ ਸਾਡੇ ਘਰ ਨੂੰ ਖਾਂਦਾ ਦਿਸੇ.......... 33
17. ਹਰ ਕਵਿਤਾ ਹੈ ਮੰਦਿਰ.......... 35
18. ਸਾਂਝ ਹੈ ਸਾਡੇ ਪਾਣੀਆਂ ਵਿਚ .......... 37

19. **ਇਨਸਾਨੀਅਤ PART 1.........................................39**

20. **ਇਨਸਾਨੀਅਤ PART 2.........................................42**

21. **ਕਿਰਦਾ ਲੋਕਾਂ ਦਾ ਖ਼ੂਨ ਹੈ .........................................45**

22. **ਕਾਰਗੁਜ਼ਾਰੀ ਸਰਕਾਰਾਂ ਦੀ ........................................47**

23. **ਲਾਜ਼ਮੀ ਆਉਣ......................................................48**

24. **ਉਹ ਕੰਮ ਕਰਨਾ......................................................50**

25. **ਸਾਡਾ ਹੱਕ ਏਥੇ ਰੱਖ..................................................51**

26. **ਭੁੱਖਿਆਂ ਨੂੰ ਰੋਟੀ ਤੇ ਵਿਹਲਿਆਂ ਨੂੰ ਕੰਮ..........................53**

27. **ਜ਼ਫ਼ਰ ਕਿਉਂ ਰੋਇਆ.................................................55**

28. **ਔਕਾਤ ਨਹੀਂ ਹੈ ਮੇਰੀ..............................................56**

29. **ਮੈਨੂੰ ਦਿਸਦੀਆਂ ਯਾਰੋ ਵੋਟਾਂ।......................................57**

30. **ਮੇਰਾ ਸਿਦਕ ਤੇ ਇਸ਼ਕ ਅੱਜ ਵੀ ਬੇ-ਨਿਆਜ਼ ਹੈ।...............59**

31. **ਅਲਫਾਜ਼ ਮਨੁੱਖਤਾ ਲਈ ਹੀ ਹੋਣਗੇ ਮੇਰੇ .........................61**

32. **ਜ਼ਫ਼ਰ ਤਾਂ ਰੋਇਆ (ਜਵਾਬ)। .......................................63**

33. **ਤੁਸੀ ਵੀ ਆਓ ਤੇ ਸਾਥ ਦਿਓ ਮੇਰਾ...............................65**

34. **ਓਹ ਸੁਪਨੇ ਜੋ ਅਧੂਰੇ ਨੇ।..........................................68**

35. **ਇਕ ਦਰਿਆ ਵਗਦਾ ਅਵਾਜ਼ਾ ਦਾ .................................70**

36. **ਅਜਿਹਾ ਕਿਉਂ ਹੈ ਮੇਰੇ ਦੇਸ਼ ਅੰਦਰ? ...............................71**

37. **ਭੁੱਖ..................................................................73**

38. **ਰੁਪਏ ਦੀ ਵੀ ਲੋੜ ਹੈ ਨੀ। ..........................................75**

39. **ਸੰਨਾਟਾ ਚਾਰ-ਚੁਫੇਰੇ ਪਸਰ ਜਾਣਾ.................................77**

40. **ਸੁਪਨਾ ਤਕਦੀਆਂ ਨੇ ਮੇਰੀਆ ਅੱਖੀਆ .............................79**

41.**ਅਤਿਰਿਕਤ.........................................................................82-92**

# ਅਰਦਾਸ

ਸ਼ਬਦਾਂ ਦਾ ਵਰਦਾਨ ਮਿਲੇ

ਅਰਦਾਸ ਕਰੀਂ।

ਮਰਦੀ ਰੂਹ ਨੂੰ ਜਾਨ ਮਿਲੇ

ਅਰਦਾਸ ਕਰੀਂ।

ਅਰਦਾਸ। /\

ਅੱਜ ਮੈਂ ਕੁੱਝ ਨੀ ਕਹਿਣਾ ਚਾਹੁੰਦਾ।

ਰਹਿਣਾ ਚਾਹੁੰਦਾ ਬਾਬੇ ਨਾਨਕ ਦੇ

ਪੈਰਾਂ ਚ ਸਿਰਫ਼ ਇੱਕ ਧੂਲ ਦਾ ਕਣ ਬਣ ਕੇ।

ਸਭ ਲਈ ਮੰਗਣੀਆਂ ਰਹਿਮਤਾਂ

ਤੇ ਦਿਲ ਵਿਚ ਸਭ ਲਈ ਪਿਆਰ।

ਆਹੀ ਮੇਰੀ ਵਾਹਿਗੁਰੂ ਜੀ ਅੱਗੇ ਅਰਦਾਸ।

ਹਰ ਇਨਸਾਨ ਨੂੰ ਇਨਸਾਨ ਕਹਿ ਕੇ

ਸੰਬੋਧਨ ਹੋਣ ਦਾ ਅਹਿਸਾਸ। ਅਰਦਾਸ।

ਗ਼ਰੀਬ ਨੂੰ ਰੋਟੀ ਵਸੀਲਾ ਮਿਲੇ। ਅਰਦਾਸ।

ਬਚਿਆ ਨੂੰ ਮਿਲੇ ਸਹੀ ਪੋਸ਼ਣ ਤੇ ਗਿਆਨ । ਅਰਦਾਸ।

ਹਰ ਧੀ ਨੂੰ ਮਿਲੇ ਬਰਾਬਰੀ ਦਾ ਅਧਿਕਾਰ। ਅਰਦਾਸ।

ਹਰ ਮਰੀਜ਼ ਨੂੰ ਮਿਲੇ ਸੰਪੂਰਨ ਇਲਾਜ । ਅਰਦਾਸ।

ਕੋਈ ਜ਼ਿੰਦਗੀ ਤੋਂ ਨਾ ਹੋਵੇ ਨਿਰਾਸ਼। ਅਰਦਾਸ।

ਜੋ ਨਯਾਇ ਮੰਗਦਾ ਹੋਵੇ। ਉਹਨੂੰ ਮਿਲੇ ਇਨਸਾਫ਼। ਅਰਦਾਸ।

ਜੋ ਆਪਣੇ ਮੂਲ ਅਧਿਕਾਰ ਲਈ ਜੂਝੇ।

ਉਹਨੂੰ ਅਵਸਰ ਤੇ ਵਿਸ਼ਵਾਸ।

ਅਰਦਾਸ।

ਸਿਫ਼ਤ ਠੇਡੀ ਸਾਰਿਆ ਦੀ

ਜੋ ਇਨਸਾਨੀਅਤ ਖ਼ਾਤਰ

ਇੱਥੇ ਸੋਸ਼ਲ ਤੇ ਹੋ ਆਉਂਦੇ।

ਸਮਝਾਉਂਦੇ, ਲੜਦੇ, ਜੂਝਦੇ।

ਪਰ ਹਰ ਕਿਸੇ ਤਕ

ਆਪਣੀ ਗਲ ਹੋ ਪਹੁੰਚਾਉਂਦੇ।

ਹਰ ਗ਼ਲਤ ਨੂੰ ਗ਼ਲਤ

ਤੇ ਸਹੀ ਨੂੰ ਸਹੀ ਕਹਿਣ ਦਾ

ਜਜ਼ਬਾ ਹੋ ਰੱਖਦੇ।

ਤੁਸੀਂ ਕਰਦੇ ਹੋ ਤੇ ਕਰਦੇ ਰਹਿਣਾ ਹੈ।

ਕਿਉਂਕਿ ਤੁਹਾਡੇ ਸਾਰਿਆ ਅੰਦਰ ਹੈ

ਇਨਸਾਨੀਅਤ।

ਰੱਬ ਵੱਸਦਾ ਤੁਹਾਡੀ ਰੂਹ ਦੇ ਅੰਦਰ।

ਅੱਜ ਮੈਂ ਲਿਖਣਾ ਹੀ ਸੀ

ਤੁਹਾਡੇ ਖ਼ਾਤਰ।

ਹੱਸਦੇ ਵੱਸਦੇ ਰਹਿਣ

ਚਿਹਰੇ ਸਭ ਦੇ।

ਸਭ ਦੀ ਸਾਂਝ ਸਭ ਦਾ ਪਿਆਰ।

ਤਾਂ ਆਹੀ ਮੇਰੀ ਅਰਦਾਸ।

ਵਾਹਿਗੁਰੂ ਜੀ ਸਿਮਰਨ

# ਵਿਦੇਸ਼ਾਂ ਨੂੰ

ਪੇਟ ਦੀ ਭੁੱਖ ਬੇਰੁਜ਼ਗਾਰੀ,

ਖਿੱਚ ਕੇ ਲੈ ਹੀ ਜਾਂਦੀ ਏ।

ਚੁਲੇ ਦੀ ਅੱਗ ਲਾਚਾਰੀ,

ਹਾਂ ਖਿੱਚ ਕੇ ਲੈ ਹੀ ਜਾਂਦੀ ਏ।

ਕੀ ਕਰੀਏ

ਆਪਾ ਨੂੰ ਬੱਸ ਬਹਿਸ ਪਿਆਰੀ

ਧਰਮਾਂ ਤੇ ਜਾਤਾਂ ਦੇ ਨਾਂ ਤੇ।

ਟੀ ਵੀ ਤੇ ਧਰਮ ਸੰਸਦਾਂ ਨੂੰ ਚੱਲਦੇ

ਮੈਨੂੰ ਕਿਉਂ ਖਿਝ ਜੀ ਆਉਂਦੀ ਹੈ।

ਮੁਲਕ ਮੇਰੇ ਨੂੰ ਕੀਤਾ ਬਰਬਾਦ

ਕੁੱਝ ਚਿੱਟੇ ਚੋਰਾ ਨੇ।

ਕੀਤਾ ਕੁੱਝ ਨਸ਼ਿਆਂ ਨੇ

ਤੇ ਕੁੱਝ ਰਿਸ਼ਵਤ ਖੋਰਾ ਨੇ।

ਕੁੱਝ ਠਰਕੀ ਰੇਪੀ ਬਾਬਿਆਂ ਮਗਰ
ਲਗਦੀ ਦੁਨੀਆ ਨਿਆਰੀ ਐ।
ਭੁੱਲ ਬੈਠੇ ਅਰਦਾਸ ਤਾਂ ਰੱਬ ਨੂੰ
ਸੱਚੇ ਦਿਲੋਂ ਹੀ ਪਿਆਰੀ ਐ।
ਕਿਸੇ ਬੁੱਢੇ ਹੱਡਾਂ ਦੇ ਦੁੱਖ ਵੀ
ਰੱਜਵੇਂ ਜਾਪਣ ਭਾਰੇ ਨੇ,
ਤੇ ਜੁਆਨ ਲਹੂ ਤਾਂ ਯਾਰੋ
ਘੁੱਪ ਨਸ਼ਿਆਂ ਨੇ ਠਾਰੇ ਨੇ।
ਕੀ ਫ਼ਰਕ ਪੈਂਦਾ ਏ ਸਿੱਧੂ
ਇਸ ਦੇਸ਼ ਦੀਆਂ ਸਰਕਾਰਾਂ ਨੂੰ।
ਜਦ ਚਿੱਟੇ ਦਿਨ ਗੋਲੀਆਂ ਵਰਸਣਾ
ਪੁੱਤ ਮਾਵਾਂ ਦੇ ਹੀ ਮਰਦੇ ਨੇ।
ਅੱਜ ਵਗਣ ਹਵਾਵਾਂ ਤੱਤੀਆਂ,
ਤੇ ਸੱਥਾਂ ਸੁੰਨੀਆਂ ਲਗਦੀਆਂ ਨੇ,
ਮੇਰੀਆਂ ਲਿਖਤਾਂ ਸਿੱਧੂ
ਅੱਜ ਤੇਰੇ ਇਨਸਾਫ਼ ਦੀਆ
ਮੂੜ ਮੰਗਾਂ ਕਰਦੀਆਂ ਨੇ।

# ਸੱਚ ਦੀ ਭਾਲ

ਭੁੱਲੀਆਂ ਕਦਰਾਂ ਕੀਮਤਾਂ ਵੇਖਾਂ
ਅੱਜ ਡੋਲਦਾ ਮੈਂ ਇਮਾਨ ਹਾਂ ਵੇਖਾਂ
ਸਚਿਆਈ ਦੀ ਲਾਸ਼ ਦੇ ਉੱਤੇ
ਸਿਦਕ ਦਾ ਸੱਟਾ ਲਾਉਂਦੇ ਵੇਖਾਂ।
ਚਿੱਟਾ ਪਿਆਰਾ, ਅਕਲਾਂ ਖੂੰਜੇ
ਗੀਤ ਨੀਵੀਂ ਸੋਚ ਨੂੰ
ਕਹਿੰਦੇ ਮਹਾਨ ਮੈਂ ਵੇਖਾਂ।
ਰੱਬ ਨੂੰ ਭੁੱਲ ਪੈਰੋਕਾਰ ਨੂੰ ਪੂਜਣ
ਬਲਾਤਕਾਰੀ ਨੂੰ ਸੰਤ ਕਹਾਉਂਦੇ ਵੇਖਾਂ।
ਬੇਬਸ ਲੋਕ ਮਹਿੰਗਾਈ ਤੋਂ ਤੰਗ ਨੇ
ਕਿੰਞ ਠੱਲ੍ਹ ਪਾਉ?
ਜਬਰੀ ਇਸ ਤੂਫ਼ਾਨ ਨੂੰ ਵੇਖਾਂ।
ਸਾਧਾ ਵਰਗੀਆਂ ਸ਼ਕਲਾਂ ਪਿੱਛੇ
ਕਾਤਲ ਚੋਰ ਲੀਡਰ ਬੇਈਮਾਨ ਨੂੰ ਵੇਖਾਂ।
ਸਿੱਧੂ ਇਨਸਾਫ਼ ਦੀ ਆਸ ਤੱਕਦੀਆਂ ਸੱਧਰਾਂ
ਹੁੰਦੀ ਹਨੇਰੇ 'ਚ ਸੱਚ ਦੀ ਪੜਤਾਲ਼ ਨੂੰ ਵੇਖਾਂ।
ਉਮਰਾਂ ਛੋਟੀਆਂ ਹਿੰਮਤਾਂ ਵੱਡੀਆਂ
ਸਦਾ ਰੂਹ ਮੇਰੀ ਨੂੰ ,
ਸੱਚ ਦੀ ਭਾਲ 'ਚ ਵੇਖਾਂ।

# ਯਕੀਨ ਨਹੀਂ ਤਾਂ , ਪੜ੍ਹ ਕੇ ਵੇਖੋ।

ਮੈਂ ਅਜਿਹਾ ਨਹੀਂ ਹਾਂ।
ਲੋਕ ਸਮਝਦੇ ਕੇ ਆਪਣੇ
ਖ਼ਾਤਰ ਲਿਖਦਾ ਹੋਣਾ।
ਪਰ ਮੇਰੀਆਂ ਲਿਖਤਾਂ ਦੀ ਬਣਤਰ
ਤੁਹਾਡੇ ਤੋਂ ਹੋ ਸ਼ੁਰੂ ਹੁੰਦੀ।
ਯਕੀਨ ਨਹੀਂ ਤਾਂ
ਪੜ੍ਹ ਕੇ ਵੇਖੋ।

ਅੱਜ ਇੱਕ ਡਾਲਰ ਦਾ ਰੇਟ 85 ਰੁਪਏ।
ਪੂਜਾ ਕਰਨ ਵਾਲੀ ਅਗਰਬੱਤੀ ਸਸਤੀ ਹੈ
ਪਰ ਮਿੱਠਾ ਮਹਿੰਗਾ, ਤੇਲ ਮਹਿੰਗਾ।
ਯਕੀਨ ਨਹੀਂ ਤਾਂ
ਬਾਜ਼ਾਰ ਵੜ ਕੇ ਵੇਖੋ।

ਵਿਹਲੇ ਬੈਠ ਕੇ ਰੀਲਸ
ਬਣਾਉਣੀਆਂ ਸੋਖੀਆਂ ਨੇ
ਪਰ ਅਸਲ ਮੁੱਦਾ
ਗ਼ਰੀਬੀ ਤੇ ਬੇਰੁਜ਼ਗਾਰੀ

ਤੁਸੀਂ ਚੱਕ ਨੀ ਪਾਉਗੇ।
ਸਵਾਲ ਕਰ ਨਹੀਂ ਪਾਉਗੇ।
ਯਕੀਨ ਨਹੀਂ ਤਾਂ
ਸੜਕਾਂ ਤੇ ਨਾਅਰੇ ਲਾ ਕੇ ਵੇਖੋ।

ਮੰਦਿਰ ਤੇ ਮਸਜਿਦ ਵਿਚ
ਉਲਝਾਇਆ ਤੁਹਾਨੂੰ ਹਾਕਮਾਂ ਨੇ।
ਤੁਹਾਨੂੰ ਆਪਣੇ ਸ਼ਹਿਰ ਵਿਚ ਕੋਈ
ਬਹਿਸ ਨੀ ਦਿਸਣੀ।
ਮਾੜੀਆਂ ਤੇ ਸ਼ਮਸ਼ਾਨ ਇਕੱਠੇ ਦਿਸਣਗੇ।
ਤੇ ਰੱਬ ਦੇ ਘਰ ਵੀ ਇੱਕੋ ਹੀ ਜਿਹੇ।
ਯਕੀਨ ਨਹੀਂ ਤਾਂ
ਦ੍ਰਿਸ਼ ਵੋਟਾਂ ਦੇ ਬਾਅਦ ਦਾ ਵੇਖੋ।

ਮੈਂ ਰੁਲਦਾ ਵੇਖ ਰਿਹਾ
ਇੱਕ ਹੱਸਦਾ ਖੇਡਦਾ ਪਰਵਾਰ
ਕਿਵੇਂ ਧੱਕੇ ਖਾਂਦਾ ਇਨਸਾਫ਼ ਲਈ।
ਕਿੰਝ ਤੁਸੀਂ ਇੱਕ ਮਿਹਨਤੀ ਕਲਾਕਾਰ ਨੂੰ
ਗ਼ਲਤ ਠਹਿਰਾ ਸਕਦੇ।

ਸਿੱਧੂ ਹੱਕ ਤੇ ਇਨਸਾਫ਼

ਬਿਨਾ ਝੂਝਿਆ ਹਾਸਿਲ ਨਹੀਂ ਨੇ ਹੁੰਦੇ।

ਯਕੀਨ ਨਹੀਂ ਤਾਂ

ਅੱਜ ਮੰਗ ਇਨਸਾਫ਼ ਦੀ ਕਰਕੇ ਵੇਖੋ।

ਪਰ ਮੈਂ ਆਪਣੇ ਖ਼ਾਤਰ ਨਹੀਂ

ਥੋੜੇ ਸਾਰਿਆ ਖ਼ਾਤਰ ਲਿਖਦਾ।

ਯਕੀਨ ਨਹੀਂ ਤਾਂ

ਪੜ੍ਹ ਕੇ ਵੇਖੋ।

# ਆਵਾਜ਼ ਸੁਣੋ

ਮੇਰੀ ਲਿਖੇ ਸ਼ਬਦਾਂ ਦੀ ਆਵਾਜ਼ ਸੁਣੋ।
ਮੇਰੇ ਬੋਲਣ ਦਾ ਅੰਦਾਜ਼ ਸੁਣੋ।

ਇੱਕ ਥਾਂ ਪੂਜਦੇ ਕੰਜਕਾ
ਉਸੇ ਦੇਸ਼ 'ਚ ਹੁੰਦੀਆਂ ਅਣਪੱਤ ਇੱਜ਼ਤਾਂ
ਆਪਣੀ ਨਜ਼ਰ ਦੀ ਪੱਟੀ ਲਾਹ ਕੇ
ਬਾਜ਼ਾਰੀ ਵਹਿਸ਼ਤ ਦਾ ਅੱਜ ਰਾਗ ਸੁਣੋ।

ਹਤਿਆਰੇ ਘੁੰਮਦੇ ਆਜ਼ਾਦ ਨੇ ਫਿਰਦੇ
ਅੰਨ੍ਹਾ ਹੋਇਆ ਦੇਸ਼ ਦਾ ਸੰਵਿਧਾਨ ਸੁਣੋ।
ਲੋਕ ਖੜੇ ਨੇ ਦਿਸਦੇ ਕਤਾਰਾਂ ਚ।
ਬੇਕਸੂਰ ਤੇ ਮਜ਼ਲੂਮ ਲੋਕਾਂ ਦਾ
ਅੱਜ ਇਨਸਾਫ਼ ਨੂੰ ਲਾਇਆ ਕਿਆਸ ਸੁਣੋ।

ਬੱਚੇ ਭੁੱਖੇ ਸੌਂਦੇ ਸੜਕਾਂ ਤੇ।
ਥੋੜੇ ਪਹਿਰੇ ਹੁੰਦੇ ਦਰ ਮੰਦਰਾਂ ਤੇ।
ਪੌਚੇ ਪੌੜੀਆਂ ਡੁੱਲ੍ਹਦੇ ਹੰਝੂਆਂ ਦਾ।
ਭੀਖ ਮੰਗ ਕੇ ਗੁਜ਼ਾਰਾ ਕਰਦਿਆਂ ਦਾ।

ਚੜ੍ਹਾਵੇ ਰੱਬ ਦੇ ਦਰ ਤੇ ਰੁਲਦੇ ਦਾ।
ਕਦੇ ਮੰਗਤੇ ਤੋਂ ਹਿਸਾਬ ਸੁਣੋ।

ਬੇਰੁਜ਼ਗਾਰ ਨੇ ਫਿਰਦੇ ਸੜਕਾਂ ਤੇ
ਡੋਜ਼ਾ ਲਾ ਕੇ ਮਰਦੇ ਸੜਕਾਂ ਤੇ।
ਉਨ੍ਹਾਂ ਮਾਪਿਆ ਕਿੰਝ ਰੀਝ ਪੁੱਗੇ।
ਉਨ੍ਹਾਂ ਪਾਟੇ ਦਿਲ ਦਾ ਦਰਦ ਸੁਣੋ।
ਘਰ ਦੇ ਚੁੱਲ੍ਹੇ ਦਾ ਸੰਗੀਤ ਸੁਣੋ।
ਸਾਡੀ ਦਰਦਮੰਦਾਂ ਦੀ
ਪੀੜ-ਵਲ੍ਹੇਟੀ ਚੀਕ ਸੁਣੋ।

ਸਿੱਧੂ ਬੁੱਤ ਬਣਕੇ ਲੋਕ ਨੇ ਖੜ ਜਾਂਦੇ
ਓਹਦੇ ਮਾਪਿਆ ਦੀ ਕੋਈ ਪੀੜ ਸੁਣੋ।
ਇਨਸਾਫ਼ ਨੂੰ ਅੱਖਾਂ ਤੱਕਦੀਆਂ ਨੇ।
ਖ਼ੁਦ ਦੇ ਜਜ਼ਬਾਤ ਦੀ ਸਰਦ ਸੁਣੋ।
ਅੱਜ ਇੱਕਮੁੱਠ ਹੋ ਕੇ ਆਵਾਜ਼ ਬੁਲੰਦ ਕਰੋ।
ਮੇਰੇ ਲਿਖੇ ਸ਼ਬਦਾਂ ਦੀ ਤਰਜ਼ ਸੁਣੋ।

# ਸਾਫ਼ ਨੀਤਾਂ ਨੂੰ ਹੀ ਮੁਰਾਦਾਂ ਹੁੰਦੀਆਂ ਨੇ

ਅਹਿਮੀਅਤ ਨੂੰ ਜਾਣੋ ਆਪਣੀ।
ਬੜਾ ਕੁੱਝ ਹੈ ਯਾਦ ਰੱਖਣ ਲਈ।
ਇਤਿਹਾਸ ਗਵਾਹ ਹੈ।
ਬਿਨਾ ਜੂਝਿਆ ਕਦੇ ਜਿੱਤ ਨੀ ਮਿਲਦੀ।
ਇਨਸਾਫ਼ ਨੀ ਮਿਲ਼ਦਾ,ਖ਼ੁਸ਼ਹਾਲੀ ਨੀ ਮਿਲਦੀ।
ਪਰ,
ਟੀ ਵੀ ਤੇ ਗੁਆਂਢੀ ਮੁਲਕ ਨੂੰ ਗਾਲ਼ਾਂ ਕੱਢ ਲੋ ਪਹਿਲਾਂ।
ਹਿੰਦੂ ਮੁਸਲਿਮ ਦੀ ਡਿਬੇਟ ਸੁਣ ਲਓ ਪਹਿਲਾ।
ਜਾ ਕਿਸੇ ਨਾਲਾਇਕ ਗਾਇਕ ਦੇ ਲੱਚਰ ਗੀਤ ਤੇ
ਨੱਚ ਟੱਪ ਆਓ ਤੁਸੀਂ ਪਹਿਲਾ।
ਫੇਰ ਬੈਠਣਾ ਫ਼ੁਰਸਤ ਕੱਢ ਕੇ। ਤੇ ਸੋਚਣਾ ਥੋੜ੍ਹਾ।
ਹੱਦਾਂ ਟੱਪ ਕੇ ਘੁਸਪੈਠ ਕਰ ਚੁੱਕੀ ਹੈ ਭੁੱਖ।
ਧਾਰਮਿਕਤਾ ਦਾ ਅਸਲ ਮੂਲ ਭੁੱਲ ਚੁੱਕੇ ਹੋ ਤੁਸੀਂ ਲੋਕ।
ਤੇ ਗੰਧਲਾ ਹੋ ਚੁੱਕਿਆ ਹੈ ਸਭਿਆਚਾਰ।
ਵਿਚਾਰੋ ਆਪਣੇ ਆਪ ਨੂੰ। ਖੜੇ ਕਿੱਥੇ ਹੋ ਤੁਸੀਂ।
ਸੜਕਾਂ ਤੇ ਲਹਿਰਾਉਂਦਾ ਬੇਰੁਜ਼ਗਾਰੀ ਦਾ ਝੰਡਾ
ਬਹੁਤ ਕੁਛ ਦੱਸ ਦੇਵੇਗਾ ਤੁਹਾਨੂੰ।
ਸਿੱਧੂ, ਇਸ ਦਿਹਸ਼ਤ  ਭਰੇ ਮਾਹੌਲ ਅੰਦਰ

ਆਓ ਇਨਸਾਫ਼ ਤੇ ਇਨਸਾਨੀਅਤ ਲਈ ਆਓ ਅੱਗੇ।
ਬਾਲੋ ਅੱਗ ਇਹਸਾਸ ਦੀ ਤੇ
ਲਾਓ ਕੋਈ ਨੇਕੀ ਵਰਗੀ ਰੋਟੀ।
ਲਾਓ ਕੋਈ ਖ਼ੁਸ਼ਹਾਲੀ ਵਰਗੀ ਰੋਟੀ।
ਲਾਓ ਕੋਈ ਮੁਸਕਾਨ ਵਰਗੀ ਰੋਟੀ।
ਕਿਉਂਕਿ ਸਾਫ਼ ਨੀਤਾਂ ਨੂੰ ਹੀ ਮੁਰਾਦਾਂ ਹੁੰਦੀਆਂ ਨੇ।

# ਅੱਜ ਦਾ ਇਸ਼ਤਿਹਾਰ

ਅੱਜ ਦਾ ਇਸ਼ਤਿਹਾਰ

ਸਰਕਾਰ ਦੇ ਕੰਮ ਕਾਜ

ਤੇ ਵਾਖਵੀ ਦਾ ਸਬੂਤ ਦੇਵੇਗਾ ਤੁਹਾਨੂੰ।

ਤੁਸੀਂ ਝੂਠ ਦੀ ਨੁਮਾਇਸ਼ ਨੂੰ ਸੱਚ ਮੰਨ ਲੈਣਾ।

ਤੇ ਭੱਜ ਕੇ ਪਾ ਦੇਣਾ

ਅਪਣਾ ਕੀਮਤੀ ਵੋਟ।

ਦੇਸ਼ ਵਿਕਾਸ ਦੇ ਰਾਹ ਤੇ

ਜੋ ਕੇ 200 km ਦੀ ਸਪੀਡ ਨਾਲ ਜਾ ਰਿਹਾ।

ਨਿਰਾ ਝੂਠ।

ਬੇਸ਼ੱਕ ਮੈਂ ਵਰਕੇ ਕਾਲੇ ਕਰੇ ਹੋਣਗੇ।

ਪਰ ਉਹਨਾਂ  ਕੰਧਾ ਭਰੀਆਂ ਹੋਈਆਂ ਨੇ।

ਪਰ ਜੇਕਰ ਸਚਾਈ ਵੇਖਣੀ ਹੋਵੇ।

ਇਸ਼ਤਿਹਾਰ ਵੇਖਣ ਦੇ ਬਾਅਦ।

ਆਪਣੇ ਜੇਬ ਚ ਖ਼ਾਲੀ ਪਏ ਬਟੂਏ ਕੰਨੀ

ਝਾਤੀ ਮਾਰਨਾ।

ਸੜਕਾਂ ਤੇ ਭੁੱਖ ਨਾਲ ਵਿਲਕਦੇ ਬੱਚੇ ਦਾ

ਚਿਹਰਾ ਵੇਖਣਾ।

ਸਰਕਾਰੀ ਸਕੂਲਾਂ ਦਾ ਹਾਲ ਵੇਖਣਾ।

ਸੜਕ ਤੇ ਮੌਜੂਦ ਖੱਡੇ ਵੇਖਣਾ।
ਬੇਰੁਜ਼ਗਾਰੀ ਨੇ ਲੱਕ ਤੋੜ ਦਿੱਤਾ ਸਾਡਾ।
ਡਿਗਰੀ ਹੈ ਪਰ ਨੌਕਰੀ ਨਹੀਂ।
ਕਿਉਂਕਿ ਵਿਭਾਗ ਵਿਚ ਵਕੈਂਸੀ ਨਹੀਂ।
ਬਾਜ਼ਾਰ 'ਚ ਵਿਕਦੇ
ਗੁਟਕਾ ਬੀੜੀ ਸਿਗਰਟ ਤੇ ਤੰਬਾਕੂ ਨੂੰ
ਆਮ ਨਸ਼ੇ ਦੀ ਤਰ੍ਹਾਂ ਸੋਚਣਾ।
ਸ਼ਰਾਬ ਦੇ ਠੇਕਿਆ ਤੇ ਬੈਠਿਆ
ਲੋਕਾਂ ਦੀ ਭੀੜ ਨੂੰ ਤੱਕਣਾ।
ਨਸ਼ੇ ਚ ਡੁੱਬਿਆ ਹਿੰਦੁਸਤਾਨ ਵੇਖਣਾ।
ਕਿਰਸਾਨ ਨੂੰ ਰੋਂਦਿਆਂ ਤੇ ਫਾਹਾ ਲੈਂਦਿਆਂ ਬਾਰੇ
ਅਖ਼ਬਾਰ ਚ ਖ਼ਬਰਾਂ ਦੀ ਥੋੜ੍ਹ ਨਹੀਂ।
ਸੱਚ ਤੁਹਾਡੇ ਸਾਹਮਣੇ ਹੋਣਾ।
ਮੈਨੂੰ ਕਹਿਣ ਦੀ ਵੀ ਲੋੜ ਨਹੀਂ।
ਕਿਉਂਕਿ ਮੈਂ ਵੇਖਦਾ ਸਿੱਧੂ
ਖਿੱਲਰਿਆ ਹੋਇਆ ਪੂਰਾ ਸਮਾਜ।
ਤੇ ਇਨਸਾਫ਼ ਨੂੰ ਵਿਲਕਦੇ , ਇੱਕ ਮਾਂ ਬਾਪ।
ਆਓ ਦੇਈਏ ਸਾਥ ਉਹਨਾਂ  ਦਾ।

# ਜਦ ਘਰ ਖ਼ਾਲੀ ਪੀਪਾ ਖੜਕਦਾ ਹੈ।

ਮਜ਼ਲੂਮ ਕਿਰਤੀ ਦੀ ਕਮਾਈ ਖੋ ਕੇ ਲੈ ਜਾਂਦੇ
ਧਨਾੜਦ ਸੇਠ ਦੇ ਕਰਜ਼ੇ ਮਾਫ਼ ਨੇ ਹੋ ਜਾਂਦੇ।
ਕਿਉਂ ਹਕੂਮਤਾਂ ਨੂੰ ਗ਼ਰੀਬ ਕਿਰਤੀ
ਆਪਣੀ ਅੱਖਾਂ ਸਾਹਵੇਂ ਰੜਕਦਾ ਹੈ?
ਘਰ ਖ਼ਾਲੀ ਪੀਪਾ ਖੜਕਦਾ ਹੈ।

ਅਮਨ ਤੇ ਭਾਈਚਾਰਾ ਜ਼ਿੰਦਾ ਜਲਾ ਦਿੱਤਾ ਹੈ ਜਾਂਦਾ
ਸ਼ਮਸ਼ਾਨ ਤੇ ਕਬਰਸਤਾਨ ਦਾ ਪਾੜ ਪਾ ਦਿੱਤਾ ਹੈ ਜਾਂਦਾ।
ਧਰਮ ਦੇ ਨਾਂਅ ਲਹੂ ਵਹਾ ਦਿੱਤਾ ਹੈ ਜਾਂਦਾ।
ਤਦ ਇਨਸਾਨੀਅਤ ਦੇ ਸੀਨੇ ਭਾਂਬੜ ਮੱਚਦਾ ਹੈ।
ਪਰ ਸੋਚ ਕੇ ਚੱਲਿਓ ਯਾਰੋ।
ਘਰ ਖ਼ਾਲੀ ਪੀਪਾ ਖੜਕਦਾ ਹੈ।

ਮਹਿੰਗਾਈ ਤੇ ਬੇਰੁਜ਼ਗਾਰੀ ਦੇਸ਼ ਦੇ ਅਹਿਮ ਮੁੱਦੇ
ਘਰ ਵਸੀਲੇ ਨਾ ਹੋਵਣ ਰੋਟੀ ਦੇ
ਤਾਹੀਂ ਯੂਥ ਨਸ਼ਿਆਂ ਯਾ ਪਰਦੇਸਾਂ ਨੂੰ ਤੱਕਦਾ ਹੈ।
ਪਰ ਟੀ ਵੀ ਤੇ ਧਰਮ ਸੰਸਦ ਪਰੋਗਰਾਮ ਅੰਦਰ
ਐਂਕਰ ਸਿਰਫ਼ ਝੂਠ ਹੀ ਬੜ੍ਹਕਦਾ ਹੈ।

ਘਰ ਖ਼ਾਲੀ ਪੀਪਾ ਖੜਕਦਾ ਹੈ।

ਚਿੱਟੇ ਦਿਨ ਚ ਹੁੰਦੀ ਦਿਹਸ਼ਤਗਰਦੀ
ਸਰਕਾਰ ਚੁੱਪੀ ਧਾਰ ਕੇ ਸੌਂ ਜਾਂਦੀ।
ਮੌਤ ਦਾ ਨੰਗਾ ਨਾਚ ਸਿੱਧੂ।
ਹਰ ਗਲੀ ਮੁਹੱਲੇ ਚੌਰਾਹੇ ਉੱਤੇ ਥਿੜਕਦਾ ਹੈ।
ਇਨਸਾਫ਼ ਨੂੰ ਇੱਕ ਪਰਵਾਰ
ਅੱਜ ਸੜਕਾਂ ਤੇ ਵਿਲਕਦਾ ਹੈ।

ਆਓ ਸਾਥ ਦਿਓ ਯਾਰੋ
ਇਨਸਾਨੀਅਤ ਲਈ ਅੱਗੇ ਆਓ।
ਮਸਲਾ ਸਿਰਫ਼ ਸਿੱਕਦੀ ਸੋਚ
ਤੇ ਮਨ ਦੀ ਸਿਫ਼ਰੀ ਹੋਈ ਮਾਫ਼ਕ ਦਾ ਹੈ।
ਸੋਚ ਨੂੰ ਬਦਲੋ ਆਪਣੀ। ਤੇ ਕਰੋ ਵਿਚਾਰ।
ਅੱਜ ਘਰ ਖ਼ਾਲੀ ਪੀਪਾ ਖੜਕਦਾ ਹੈ।।।।।

# ਹੌਂਸਲਾ ਹੈ ਵੱਡੀ ਸ਼ੈਅ ਤੁਸੀਂ ਕਰਕੇ ਵੇਖਣਾ।

ਹੌਂਸਲਾ ਹੈ ਵੱਡੀ ਸ਼ੈਅ
ਤੁਸੀਂ ਕਰਕੇ ਵੇਖਣਾ।
ਸਰਕਾਰ ਤੋਂ ਮੰਗ ਹੱਕ ਦੀ
ਅੱਜ ਮੈਦਾਨੇ ਕਰਕੇ ਵੇਖਣਾ।
ਅਸਲੀਅਤ ਭੁੱਲ ਬੈਠਾ ਹੈ ਹਾਕਮ
ਤੇ ਸਿਦਕ ਨੂੰ ਭੁੱਲਣ ਲੱਗੀਆਂ ਨੇ ਕੌਮਾਂ,
ਇਤਿਹਾਸ ਕੀ ਹੈ ਤੁਹਾਡਾ ਮਿੱਤਰੋ ?
ਖੜੇ ਹੋਕੇ ਸਵਾਲ ਕਰਕੇ ਵੇਖਣਾ।
ਰੱਬ ਵੇਖਣ ਦੀ ਲੋੜ ਵੀ ਕੀ ਐ,
ਅੰਦਰ ਝਾਤੀ ਮਾਰ ਕੇ ਵੇਖਣਾ।
ਰੱਬ ਵੀ ਆਪੇ ਨਜ਼ਰੀਂ ਆਊ
ਜੱਦ , ਵੈਰ ਦਵੈਸ਼ ਦਾ ਦਿਲੋਂ ਮੁਕਾ ਕੇ ਵੇਖਣਾ।
ਬੇਸ਼ੱਕ ਅੱਜ ਲਾਲਚ ਥੋਨੂੰ ਜਿਸਮਾਂ ਦਾ ਹੋਣਾ
ਪਰ ਹਰ ਰਿਸ਼ਤੇ ਨੂੰ ਰੂਹ ਨਾਲ ਸਾਂਝ ਪੁਗਾ ਕੇ ਵੇਖਣਾ।
ਆਖਣ ਸੌਖੀ ਮਿਲ ਗਈ ਹੋਣੀ ਆਜ਼ਾਦੀ।
ਪਰ ਦੇਸ਼ ਲਈ ਗਲ, ਜੌਂ ਪਾਉਣ ਫੰਦੇ।
ਉਹਨਾਂ  ਸਿਦਕੀ ਵੀਰਾਂ ਨੂੰ
ਕਦੇ ਯਾਦ ਕਰਕੇ ਵੇਖਣਾ।

ਜਿਉਂਦੇ ਜੀ ਹੀ ਮਾਪੇ ਮੁੱਕ ਜੱਸਣ।

ਅੱਜ ਇੱਕ ਪਿਉ ਦਾ ਪੁੱਤ ਦੀ ਅਰਥੀ ਨੂੰ

ਮੈਂ ਕੰਧਾ ਲਾਉਂਦੇ ਵੇਖਦਾ।

ਕਾਤਿਲ ਸਾਹਮਣੇ ਹੋਣ

ਤੇ ਕਿਉਂ ਲਾਚਾਰ ਸਰਕਾਰ ਹੋਵੇ?

ਸਵਾਲ ਮੇਰੇ ਨੇ ਸਿੱਧੂ

ਇੱਕ ਵਾਰ ਤੁਸਾਂ ਦੋਹਰਾ ਕੇ ਵੇਖਣਾ।

ਹੌਸਲਾ ਹੈ ਵੱਡੀ ਸ਼ੈਅ

ਤੁਸੀਂ ਕਰਕੇ ਵੇਖਣਾ।

## ਦਰਦ ਕਮਾਉਣਾ ਸੌਖਾ ਹੈ।

ਇਸ਼ਕ ਕਮਾਉਣਾ ਸੌਖਾ ਨੀ
ਦਰਦ ਕਮਾਉਣਾ ਸੌਖਾ ਹੈ।
ਮੈਨੂੰ ਪੁੱਛੋ ਕਿੰਞ ਹੈ ਸੌਦਾ।
ਪਰ ਇਤਿਹਾਸ ਦੇ ਵਰਕੇ ਫੋਲ ਕੇ ਵੇਖੋ
ਸੱਚ ਕਮਾਉਣਾ ਔਖਾ ਹੈ।
ਅਖ਼ਬਾਰਾਂ ਦੇ ਪੰਨਿਆਂ ਉੱਤੇ ਮੈਨੂੰ
ਝੂਠ ਹੀ ਦਿਸੇ ਹਰ ਸ਼ਬਦ ਹਕੀਕੀ
ਇਸ ਭੇਡਚਾਲ ਤੋਂ ਬਾਹਰ ਨਿਕਲ ਕੇ
ਕਿਉਂ ਨਿਡਰ ਤੇ ਨਿਰਪੱਖ ਲਿਖਣਾ ਔਖਾ ਹੈ?
ਦੁਖੜੇ ਰੋਗ,
ਤੇ ਘਰ ਪਿਆ ਸੋਗ
ਭੁੱਖ ਨਾਲ ਵਿਲਕਦੇ ਲੋਕ
ਨਸ਼ੇ 'ਚ ਡੁੱਬਿਆ ਮੇਰਾ ਹਾਣ
ਬੇਰੁਜ਼ਗਾਰ ਨੌਜਵਾਨ।

ਤੇ ਘਾਣੀਆਂ ਹੋ ਚੁੱਕਿਆ ਸੰਵਿਧਾਨ।
ਕਿਉਂ ਤੁਸੀਂ ਲਿਖਣਾ ਕਲਮੋਂ ਡਰ ਡਰ ਕੇ?
ਮੇਰਾ ਹਰ ਇੱਕ ਸਵਾਲ ਤੈਥੋਂ।

ਰਹਿੰਦੇ ਤੁਸੀਂ ਹੋ ਕਿਉਂ ਮਰ ਮਰ ਕੇ?

ਕਾਹਤੋਂ ਝੂਠ ਦੀਆ ਤਕਰੀਰਾਂ ਨਾਲੋਂ

ਕਲਮ ਸੱਚ ਲਈ ਚਲਾਉਣਾ ਔਖਾ ਹੈ?

ਕਲਮ ਦੀ ਗਰਜ਼ ਨਾਲ ਸਰਕਾਰ ਵੀ ਕੰਬਦੀ।

ਆਓ, ਸਾਥ ਦਿਓ ਮੇਰਾ।

ਸਿੱਧੂ, ਇਨਸਾਫ਼ ਖ਼ਾਤਰ ਲੜਨ ਲਈ

ਕਿਉਂ ਸਭਦਾ ਇਕਜੁਟ ਹੋਣਾ

ਔਖਾ ਹੈ?

# ਪੈਰੋਕਾਰਾਂ ਦੇ ਫੁੱਲ

ਪੈਰੋਕਾਰਾਂ ਦੇ ਫੁੱਲ
ਅਜੀਬ ਹੁੰਦੇ।
ਗਲ ਮਜ਼ਹਬ ਦੀ ਕਰਦੇ
ਧਰਮ ਦੀ ਕਰਦੇ।
ਤੇ ਮੁੱਕਦੀ ਗਲ ਵਰਤਾਉਣ ਇਹ
ਹਰ ਇੱਕ  ਧਰਮ ਦੇ ਸਨਮਾਨ ਦੀ ਜਗ੍ਹਾ
ਆਪਣੀ ਸੋਚਣੀ ਨੂੰ
ਧਰਮ ਦੀ ਚਾਸ਼ਨੀ
‘ਚ ਲਪੇਟ ਦਿਖਾਉਂਦੇ ਨੇ ਇਹ ।
ਠੀਕ ਹੈ ਕੋਈ ਵੀ ਬੁਰਾਈ ਨਹੀਂ।
ਜਿਸ ਧਰਮ ਚ ਜੰਮੇ ਪੱਲੇ
ਓਹਦੇ  ਪਰਸਾਰ ਵਿਚ ਕੋਈ ਬੁਰਾਈ ਨਹੀਂ।

ਨਾ ਹੀ ਬੁਰਾਈ ਓਹਨਾ ਸ਼ਬਦਾਂ ਦੀ
ਜੋ ਹਰ ਧਰਮ ਚ ਕੌਮ ਦੀ ਏਕਤਾ
ਦਾ ਸਬਕ ਸਿਖਾਉਂਦੇ ਨੇ।
ਦਬੱਲੇ ਕੁਚਲੇ ਲੋਕਾਂ ਨੂੰ
ਪਾਠ ਧਾਰਮਿਕਤਾ ਦਾ ਸਮਝਾਉਂਦੇ ਨੇ।

ਕੋਈ ਬੁਰਾਈ ਨਹੀਂ।

ਲੇਕਿਨ ਕੁੱਝ ਧਰਮ ਦੇ ਠੇਕੇਦਾਰਾਂ ਦਾ
ਕਯਾ ਲੋਕਾਂ  ਨੂੰ ਵਰਗਲਾਉਣਾ ਜਾਇਜ਼ ਹੈ?
ਕਯਾ ਇੱਕ ਖ਼ਾਸ ਸਿਆਸੀ ਤਰਜੀਹ ਨੂੰ
ਵੋਟ ਪਵਾਉਣਾ ਜਾਇਜ਼ ਹੈ?
ਕਯਾ ਧਰਮ ਦੇ ਪਰਸਾਰ ਦੇ ਨਾਂਅ ਤੇ
ਫੈਲਦਾ ਡੇਰਾਵਾਦ ਜਾਇਜ਼  ਹੈ?
ਕਯਾ ਬੰਦ ਗੁਫ਼ਾਵਾਂ ਵਿਚ ਲੁੱਟ ਹੁੰਦੀ
ਕਿਸੇ ਮਾਸੂਮ ਦੀ ਅਸਮਤ ਜਾਇਜ਼ ਹੈ?
ਬਾਹਰ ਬੱਚੇ ਭੁੱਖੇ ਨੇ ਸੌਂਦੇ।
ਤੇ ਤੁਸੀਂ 36 ਭੋਜ ਦਾ ਸਵਾਦ ਹੋ ਚੱਖਦੇ।

ਲੋਕਾਂ ਦੇ ਸ਼ਰਧਾ ਦਾ ਇਸਤੇਮਾਲ
ਕਿੰਝ ਹੋ ਕਰ ਸਕਦੇ ?
ਜਦ ਰਹਿਣ ਬਸੇਰੇ ਤੋਂ ਪਹਿਲਾ ਤੁਸਾਂ
ਆਪਣੇ ਮਹਿਲ ਮੁਨਾਰੇ ਹੋ ਖੜੇ ਕਰਦੇ ।
ਕਿਹੜੇ ਰੱਬ ਨਾਲ ਤੁਹਾਡੇ ਤਾਰ ਜੁੜੇ
ਸਾਨੂੰ ਵੀ ਸਮਝਾ ਦਿਓ।
ਲਿਖਦੇ ਲਿਖਦੇ

ਮੇਰੀ ਤਵੀ ਦੇ ਲੇਖ ਵੀ ਮਿਟ ਗਏ।

ਪਰ ਮੇਰੀਆਂ  ਸੱਧਰਾਂ ਨੂੰ ਝੁਠਲਾ ਦਿਓ ।

ਨਿਰਦੋਸ਼ ਜੇਲ੍ਹਾਂ ਚ ਨੇ ਬੈਠੇ

ਤੁਸੀਂ ਦੋਸ਼ੀ ਹੋ ਕੇ ਠਾਠ ਵਿਖਾਉਂਦੇ ਹੋ।

ਗਲ ਕੌੜੀ ਕਈਆਂ ਨੂੰ ਜਾਪਣੀ

ਪਰ ਸੱਚ ਆਹੀ ਹੈ।

ਪੈਰੋਕਾਰਾਂ ਦੇ ਫੁੱਲ

ਅਜੀਬ ਹੁੰਦੇ।

# ਕਬਰਾਂ ਵਰਗੀ ਚੁੱਪ

ਕਬਰਾਂ ਵਰਗੀ ਪਸਰੀ ਚੁੱਪ ਘਰਾਂ ਵਿਚ।
ਇਹ ਚੁੱਪ, ਤੁਹਾਡੀ ਚੁੱਪ
ਆਪਣੇ ਸਾਰਿਆ ਦੀ ਚੁੱਪ।
ਕਿਉਂ ਨਹੀਂ ਹਾਂ ਆਪਾ ਕਰਦੇ ਖ਼ਿਲਾਫ਼ਤ।
ਇਸੇ  ਜ਼ੁਲਮ ਅੱਗੇ ।
ਬੱਸ ਹਰ ਥਾਂ ਮੌਨ ਧਰ ਲੈਂਦੇ ਹਾਂ।
ਆਪਾ ਕਿਉਂ ਨਹੀਂ ਹਾਂ , ਡਟ ਕੇ ਖੜਦੇ।
ਬੱਸ ਪਾਸਾ ਵੱਟ ਲੈਂਦੇ ਹਾਂ।
ਖੌਫ਼ਜ਼ਦਾ ਕਿਉਂ ਹੋ।
ਸਿੱਧੂ, ਕਿਉਂ ਨਹੀਂ ਆਉਂਦੇ
ਇਨਸਾਫ਼ ਨੂੰ ਅੱਗੇ।
ਮੁਲਕ ਦੀ ਵਾਗਡੋਰ
ਕਿਨ੍ਹਾਂ ਹੱਥਾਂ ਵਿਚ ਦੇ ਛੱਡੀ ਆਪਾ।
ਜੁਮਲੇ ਸੁੱਟ ਸੁੱਟ ਵੋਟ ਇਕੱਠੇ ਇਹ ਕਰਦੇ।
ਅੰਗਿਆਰੇ ਫਿਜਾਹਤ ਧਰਮਾਂ  ਵਿਚ ਬਾਲ
ਆਪਣੇ ਹੱਥ ਨੇ ਇਹ ਸਿੱਕਦੇ।
ਵੇਚ ਕੇ ਦੇਸ਼ ਦੀਆਂ ਸੰਪਤੀ ਨੂੰ
ਆਪਣੀ ਖ਼ੁਦ ਦੀਆ ਜੇਬਾਂ ਨੂੰ ਇਹ ਭਰਦੇ।

ਆਪਣੀਆਂ ਜੇਬਾਂ ਵਿੱਚ ਕੈਸ਼ ਨਹੀਂ ਹੈ।
ਹਾਂ ਫ਼ੋਨ ਹੈ । ਸੋਸ਼ਲ ਹੈ। ਯੂ ਪਾ ਆਈ  ਵੀ ਹੈ।
ਪਰ ਬੈਂਕ ਵਿਚ ਠੋਡੀ ਪੂੰਜੀ ਦਾ ਰਿਜ਼ਰਵ ਨਹੀਂ ਹੈ।
ਰੀਲ ਤੇ ਲਾਈਕਸ ਬਹੁਤ ਨੇ।
ਪਰ ਜ਼ਮੀਰ ਅੰਦਰ ਜਾਗਦਾ
ਹੁਣ ਹਰਫ਼ ਨਹੀਂ ਹੈ।
ਹੈ ਤਾਂ ਕਰੋ ਸਵਾਲ।
ਕਯਾ ਇਹ ਨੇ ਸਾਡੇ ਲੀਡਰ?
ਕਰ ਕੇ ਵੇਖੋ ਸਵਾਲ।
ਤੁਸੀਂ ਅੱਜ ਹੋਂ ਕਿਥੇ ਖੜੇ?
ਜਿੱਥੇ ਬੰਦੇ ਹੋਵਣ ਕਬਰਾਂ ਵਰਗੇ,
ਉਸ ਧਰਤੀ ਨੂੰ ਸਮਝੋ ਘਰ ਨਾ।

ਜੇਕਰ ਦਿਸੇ ਅੰਧਕਾਰ ਚੁਫੇਰੇ
ਹਰ ਥਾਂ ਦੀਵਾ ਪੈਣਾ ਧਰਨਾ।
ਕਿਉਂਕਿ
ਕਬਰਾਂ ਵਰਗੀ ਪਸਰੀ ਚੁੱਪ ਘਰਾਂ ਵਿਚ।

## ਇਕ ਆਤਿਸ਼

ਮੇਰੇ ਮਲਿਕ ਨੇ ਦਿੱਤੀ ਮੈਨੂੰ
ਇੱਕੋ ਰਾਇ ਏ।
ਹੁਕਮ ਹਲੀਮੀ ਰਹੀ
ਤੂੰ ਤੁਰਦਾ ਜਾਏ ਏ ।
ਇੱਕ ਆਤਸ਼
ਜਿਸ ਖ਼ਾਤਰ ਤੂੰ ਸੋ ਨਾ ਪਾਏ ਤੂੰ
ਉਹੀ ਭਾਂਬੜ ਨੂੰ ਸੀਨੇ ਬਾਲ
ਕੇ ਤੁਰਦਾ ਜਾਏ ਏ।
ਤੇਰੇ ਨਾਲੋਂ ਬਿਹਤਰ ਦੁਨੀਆ ਵਾਲੇ ਨੇ।
ਬਣਦੇ ਪੈਰੋਕਾਰ ਮੇਰੇ ਹਮਸਾਏ ਨੇ।
ਤੈਨੂੰ ਦਿਸਦਾ ਤੇਰੇ ਲਈ ਹਾਂ ਮੈਂ ਤੁਰਦਾ ਹਮੇਸ਼ਾ।
ਉਨ੍ਹਾਂ ਪੂਜਣ ਲਈ ਮੈਨੂੰ ਥਾਂ ਥਾਂ
ਮੰਦਰ ਬਣਾਏ ਨੇ।

ਤੂੰ ਪੁੱਜੇ ਮੈਨੂੰ ਸਿਰਫ਼ ਇੱਕ ਘੜ
ਕੀ ਤੈਥੋਂ ਪਾਪ ਨਾ ਹੋਵਣ।
ਉਨ੍ਹਾਂ ਪਾਉਣੇ ਖ਼ਾਤਰ ਮੈਨੂੰ
ਲੱਖ ਲੱਖ ਵਰਕੇ ਵੇਦ ਘਸਾਏ ਨੇ।

ਤੂੰ ਰਹਿੰਦਾ ਨਾਂ ਨੇਕੀ ਦੇ ਰਾਹ
ਰਹਿਬਰ ਵਿਚ ਵੇਖਦਾ ਹੈ ਮੈਨੂੰ।
ਉਨ੍ਹਾਂ ਮੇਰੇ ਨਾਂ ਦੇ ਉੱਤੇ ਕਿੰਨੇ
ਲੋਕ ਮਰਵਾਏ ਨੇ।
ਜੋ ਬਣਦੇ ਪੈਰੋਕਾਰ ਮੇਰੇ ਹਮਸਾਏ ਨੇ।

## ਜੈ ਲੜਨਾ ਹੈ ਤਾਂ ਨਾਲ ਹਕੂਮਤਾਂ ਮੱਥਾ ਲਓ।

ਗ਼ਲਤੀ ਮੇਰੀ ਨੂੰ
ਸ਼ਾਇਦ ਭੁੱਲ ਵੀ ਜਾਵਣ ਲੋਕ ਅਜਿਹੇ।
ਸਾਂਝ ਪ੍ਰੀਤ ਦੀਆ ਹੁੰਦੇ ਪਾਵਨ
ਯਾਰ ਬਥੇਰੇ।
ਪਰ ਗਲ ਮੇਰੀ ਉਹੀ ਪੁਰਾਣੀ।
ਅਫ਼ਸੋਸ ਦਾ ਬੱਦਲ ਜਦ ਵੀ ਅੰਗਾਰੇ ਵਾਰਦਾ।
ਮੇਰਾ ਪਿਛੋਕੜ ਹੋ ਮੈਨੂੰ ਅੱਗੇ ਚ ਸੜਦਾ।
ਹਤਿਆਰਾ ਹੈ ਤੂੰ ਮੈਨੂੰ ਸ਼ੀਸ਼ਾ ਦੱਸਦਾ।
ਏਸੇ ਵਜਾ ਕਰਕੇ ਮੈਂ ਸ਼ਮਸ਼ਾਨ ਦੇ ਨੇੜੇ ਵੱਸਦਾ।
ਤੁਸੀਂ ਚਾਹੋਗੇ ਕੇ ਮੈਂ ਥੋੜ੍ਹਾ ਬਦਲਾ।
ਪਰ ਆਪਣੀ ਸੋਚ ਨੂੰ ਮਾਰ ਕੇ
ਮੈਂ ਸਾਹ ਲੈਅ ਨੀ ਸਕਦਾ।
ਮੇਰਾ ਸਿਦਕ ਕਹਾਏ ਬਾਤ ਤੂੰ
ਇਨਸਾਫ਼ ਦੀ ਕਰੀਂ।

ਜ਼ੁਲਮ ਜਫ਼ਜ਼ ਤੋਂ ਪਰਤਡਿਤ

ਗੱਲ ਨਮ ਅੱਖਾਂ ਦੀ ਕਰੀਂ।

ਸੁਪਨੇ ਮੇਰੇ ਵੀ ਆਹੀਂ ਨੇ

ਮੈਂ ਸੰਸਾਰ ਨੂੰ ਬਦਲਾ।

ਪਰ ਤੁਸੀਂ ਚਾਹੋਗੇ ਕੇ ਮੈਂ

ਪਹਿਲਾ ਆਪ ਨੂੰ ਬਦਲਾ।

ਇਹ ਹੋ ਨੀ ਸਕਣਾ

ਕੇ ਮੈਂ ਬੁਢੜੀ ਅੰਮੀ ਦੇ ਹੰਝੂ ਦੀ ਗੱਲ

ਭੁੱਲ ਜਾ ਕਰਨਾ।

ਸਿੱਧੂ ਤੇਰੇ ਨਾਂ ਨੂੰ ਭੁੱਲਣ ਵਾਲੇ

ਲੋਕਾਂ ਦੀ ਮੈਂ ਖ਼ਿਲਾਫ਼ਤ ਹਾਂ ਕਰਦਾ।

ਦੋਸ਼ ਮੇਰੇ ਤੇ ਬਹੁਤੇ ਨੇ

ਤੂੰ ਸਾਡੇ ਵਿਰੋਧ ਚ ਖੜਿਆ।

ਉਹ ਕਮਲਿਓ ਲੋਕੋ

ਮੈਂ ਸਦਾ ਦੀ ਸੱਚ ਦੇ ਰਾਹ ਤੇ ਇੰਝ  ਹੀ ਖੜਿਆ।

ਜੈ ਲੜਨਾ ਹੈ ਤਾਂ ਨਾਲ ਹਕੂਮਤਾਂ ਮੱਥਾ ਲਉ।

ਕਰਦਾ ਆਹੀਂ ਗਲ ਮੇਰੇ

ਗ਼ਲਤ ਅਲਫਾਜ਼  ਨੂੰ ਤੁਸਾਂ ਭੁੱਲ ਵੀ ਜਾਓ।

## ਵਕਤ ਨਹੀਂ ਹੈ।

ਸ਼ਾਇਦ ਲੋਕਾਂ ਕੋਲ ਵਕਤ ਦੀ ਕਮੀ ਹੈ।
ਬੇਸ਼ੱਕ ਕਵਿਤਾ ਸਰੂ ਕਰਾ ਉਸ ਗੁਮਨਾਮ ਕੁੜੀ ਦੀ
ਝੀਲ ਜਿਹੀਆਂ ਅੱਖਾਂ ਚ ਝਾਤੀ ਮਾਰ ਕਰਕੇ।
ਝੁਠਲਾਉਂਦਾ ਨਹੀਂ ਇਸ ਗਲ ਤੋਂ।
ਪਰ ਮੈਂ ਕਦੇ ਵੀ ਕਵਿਤਾ ਨੂੰ ਰੁਮਾਂਟਿਕ ਪਲਾਂ ਨੂੰ
ਯਾਦਗਾਰ ਵਜੋਂ ਸਾਂਭਣ ਦਾ ਵਸੀਲਾ ਨਹੀਂ ਬਣਾਉਂਦਾ।
ਕਿਉਂਕਿ ਵਕਤ ਨਹੀਂ ਹੈ।
ਪਰ ਮੇਰੀ ਕਵਿਤਾ ਸੜਕਾਂ ਉੱਤੇ ਰੋੜੀ
ਕੁੱਟਦੇ ਬੱਚਿਆਂ ਦੀਆਂ ਅੱਖਾਂ ‘ਚੋਂ ਸਿੰਮਦੀ ਹੈ।
ਮੇਰੀ ਕਵਿਤਾ ਲੀਡਰਾਂ ਦੇ ਲਾਰਿਆਂ ਚੋਂ
ਉਪਜੀ ਰੋਹ ਦੀ ਆਵਾਜ਼ ਹੈ।
ਕਵਿਤਾ ਹਰ ਇੱਕ ਮਾਂ ਦੀਆਂ ਸਧਰਾਈਆਂ
ਅੱਖਾਂ ਦਾ ਨਾਂ ਹੈ ਜੋ ਹਰ ਘੜੀ ਬੂਹਾ ਤੱਕਦੀਆਂ ਨੇ।

ਨਹੀਂ ਹੋਸ਼, ਕਿੱਥੇ ਡਿੱਗੇ, ਕਦੋਂ ਸੁੰਨ, ਕਦੋਂ ਗੱਜੇ।
ਆਹੀ ਹੈ ਚਿੱਟੇ ਸੰਗ, ਚਿੱਟੇ ਰੰਗ ਦਾ ਪੰਜਾਬ।
ਪੰਜ ਆਬ ਹੁਣ ਢਾਈ ਆਬ ਰਹਿ ਗਏ,
ਸਿਦਕ ਕੱਦ ਤੋਂ ਛੋਟੇ ਹੋ ਰਹੇ ਨੇ।
ਅਸੀਂ ਉਂਞ ਪੰਜਾਬੀ ਹੋਣ ਦਾ ਦਮ ਹਾਂ ਭਰਦੇ

ਪਰ ਮੁਨਕਰ ਪੰਜਾਬੀ ਤੋਂ ਹੀ ਹੋ ਰਹੇ ਨੇ।
ਪਰ ਤੁਹਾਡੇ ਕੋਲ ਸੁਣਨ ਨੂੰ ਵੀ
ਵਕਤ ਨਹੀਂ ਹੈ।
ਸੰਤਾਲੀ ਵਿੱਚ ਵੰਡ ਦਾ ਸੰਤਾਪ ਆਪਾਂ ਝੱਲਿਆ,
ਚੁਰਾਸੀ ਚ ਵੈਰੀ ਹੋਇਆ ਖ਼ੂਨ ਸੀ, ਮਜਬੀ ਜਨੂਨ ਸੀ,
ਨੌਜਵਾਨ ਮਰੇ ਕੱਢ ਕੱਢ ਪਰਵਾਰ 'ਚੋਂ।
ਪਰ ਸੁਣੋ ਤੇ ਵਿਚਾਰੋ ਮੇਰੇ ਕਹੇ ਅਲਫਾਜ਼
ਗੁੰਗੇ ਤਾਂ ਹੋ ਹੀ ਬੋਲੇ ਨਾ ਬਣੋ।
ਕਿਉਂਕਿ ਆਹੀ ਵਕਤ ਹੈ ਜਾਗਣ ਦਾ।
ਨਵੇਂ ਸਿਰੇ ਤੋਂ ਸੋਚਣ ਦਾ,
ਤੇ ਨਵੇਂ ਸਮਾਜ ਨੂੰ ਸਿਰਜਣ ਦਾ।

# ਹਨੇਰਾ ਸਾਡੇ ਘਰ ਨੂੰ ਖਾਂਦਾ ਦਿਸੇ

ਹੈ ਰੌਸ਼ਨੀਆਂ ਦਾ ਕਹਾਉਂਦਾ ਦੇਸ਼ ਮੇਰਾ
ਪਰ ਹਨੇਰਾ ਸਾਡੇ ਘਰ ਨੂੰ ਖਾਂਦਾ ਦਿਸੇ।
ਗ਼ਰੀਬੀ ਤੇ ਭੁੱਖਮਰੀ ਨਾਲ ਤੰਗ ਹੋ ਚੁੱਕੇ
ਚਿਹਰਾ ਭੁੱਖੇ ਨਿਆਣੇ ਦਾ ਮੈਨੂੰ ਵਿਲਕਾਂਦਾ ਦਿਸੇ।
ਜਿਹਨੂੰ ਸਰਪ੍ਰਸਤ ਤੁਸਾਂ ਮੰਨੀ ਬੈਠੇ ਹੋ
ਉਹ ਧਨੜ ਸੇਠ ਦੀ ਪੈਰੀ ਪੈਂਦਾ ਦਿਸੇ।
ਤੁਰਗੇ ਪੁੱਤਰ ਗੱਭਰੂ ਵਿਦੇਸ਼ਾਂ ਨੂੰ
ਸੁੰਨੇ ਵੇੜ੍ਹੇ ਪਿਉ ਧਾਹਾਂ ਮਾਰਦਾ ਦਿਸੇ।
ਜਿਹਨੂੰ ਗਵੱਈਆ ਤੁਸੀਂ ਹੋ ਮੰਨਦੇ
ਉਹ ਨਸ਼ੇ ਨੂੰ ਸ਼ਰੇਆਮ ਵਰਤਾਉਂਦਾ ਦਿਸੇ।
ਗੁਰੂਆਂ ਨੇ ਬਖ਼ਸ਼ੀ ਗੁਰਮੁਖੀ
ਸਭਿਆਚਾਰ ਨੂੰ ਹਰੇਕ ਭੁਲਾਉਂਦਾ ਦਿਸੇ।
ਭਰੋਸਾ ਮੀਡੀਆ ਤੇ ਵੀ ਕਾਹਦਾ ਰਿਹਾ ਯਾਰੋ
ਚੈਨਲ ਝੂਠ ਨੂੰ ਸੱਚ ਦਰਸਾਉਂਦਾ ਦਿਸੇ।
ਸਿੱਧੂ ਬੰਬ ਬੰਦੂਕਾਂ ਦੀ ਦਿਹਸ਼ਤ ਵਿਚਾਲੇ
ਸ਼ੋਰ ਹਰ ਮਾਂ ਦੀ ਕੁੱਖ ਨੂੰ ਧਾਹ ਲਾਉਂਦਾ ਦਿਸੇ।

ਪਰ ਵੱਡੀਆਂ ਗੱਡੀਆਂ ਤੇ ਛੋਟੀਆਂ ਸੋਚਾਂ ਵਾਲੇ

ਲੋਕ ਜਾਣ ਬੁੱਝ ਕੇ ਮੈਨੂੰ ਪਾਸਾ ਵਟਾਉਂਦੇ ਦਿਸੇ।
ਦੀਪਕਾ ਹਜ਼ਾਰਾਂ ਗਿਣਤੀ ਚ ਰੌਸ਼ਨ ਰੱਬ ਦੇ ਘਰ ਕਰਦੇ
ਪਰ ਕਿਉਂ ਹਨੇਰਾ ਸਾਡੇ ਘਰ ਨੂੰ ਖਾਂਦਾ ਦਿਸੇ?

# ਹਰ ਕਵਿਤਾ ਹੈ ਮੰਦਿਰ

ਹਰ ਕਵਿਤਾ ਹੈ ਮੰਦਿਰ
ਤੇ ਹਰ ਕਵੀ ਹੈ ਕਿਰਤੀ।
ਕਰਦਾ ਰਚਨਾ ਜੋੜ ਤੋੜ ਕੇ
ਪਛਾਣੇ ਹਰ ਸ਼ਬਦ ਦੀ ਵਿਰਤੀ।
ਸਦੀਆਂ ਤੋਂ ਜੋ ਖ਼ੂਨ ਤੇਰਾ ਪੀ ਕੇ
ਮੁਸਕਰਾ ਰਿਹਾ ਹਾਕਮ
ਆਪਣੀ ਕਮਾਈ ਵਾਸਤੇ,
ਮਜ੍ਹਬਾਂ ਦੇ ਪਾੜੇ ਪਾ ਰਿਹਾ ਹਾਕਮ।
ਚਾਹੀਦਾ ਹੈ ਇਹਨੂੰ
ਜੀਵਨ ਲਈ ਰੁਜ਼ਗਾਰ ਦੇ।
ਡਿਗਰੀਆਂ ਦੀ ਪੰਡ ਬੰਨ੍ਹ
ਯੂਥ ਫਿਰਦਾ ਵਿਚ ਬਾਜ਼ਾਰ ਦੇ।
ਘਰ ਦੇ ਵਸੀਲੇ ਹੋਣ
ਪੁੱਤ ਵਿਦੇਸ਼ ਨੂੰ ਕਿਉਂ ਜਾਵੇ?
ਸੁਰਤ ਕੰਮ ਵਿਚ ਹੋਵੇ
ਪੁੱਤ ਚਿੱਟਾ ਕਿਵੇਂ ਲਾਵੇ?
ਗਲ ਰੁਜ਼ਗਾਰ ਦੀ ਵੀ ਹੈ
ਗਲ ਇਨਸਾਫ਼ ਦੀ ਵੀ ਹੈ

ਹੋਸ਼ ਭੁਲਾਈ ਫਿਰਦੀ ਜਨਤਾ ਨੂੰ
ਸਿੱਧੂ ਸਮਝਾਉਣ ਦੀ ਵੀ ਹੈ।
ਮੇਰੇ ਹਜ਼ਾਰਾ ਫਾਲੋਅਰਸ
ਬੇਸ਼ੱਕ ਤੁਸੀਂ ਰੱਖ ਲੈਣਾ।
ਕਰਨੀ ਇਨਸਾਫ਼ ਦੀ ਗੱਲ ਹੋਵੇ
ਬੇਨਤੀ ਹੈ , ਬੇਬੇ ਬਾਪੂ ਕੰਨੀ ਤੱਕ ਲੈਣਾ।
ਮੁਰਝਾਏ ਹੋਏ ਚਿਹਰੇ
ਤੇ ਬਹੁਤੇ ਸਾਰੇ ਹੀ ਸਵਾਲ ਨੇ।
ਜੋ ਜੂਝਣ ਇਨਸਾਨੀਅਤ ਲਈ
ਹੱਕ ਲਈ, ਇਨਸਾਫ਼ ਲਈ
ਉਹ ਲੋਕ, ਹੁੰਦੇ ਬੇਮਿਸਾਲ ਨੇ।

## ਸਾਂਝ ਹੈ ਸਾਡੇ ਪਾਣੀਆਂ ਵਿਚ

ਕਹਾਣੀ ਵੰਡ ਦੀ
ਜੋ ਹੁੰਦੀ ਧਰਮ ਜ਼ਾਤ ਦੇ ਨਾਂ ਤੇ।
ਦੰਗੇ ਤੇ ਫ਼ਸਾਦ ਵਾਪਰਨ
ਧਰਮ ਜ਼ਾਤ ਦੇ ਨਾਂ ਤੇ।
ਕਿੰਝ ਝੁਠਲਾਉਂਦੇ ਹੋ ਤੁਸੀਂ
ਇਹ ਪਾਕ ਰਿਸ਼ਤਾ ਇਨਸਾਨੀਅਤ ਦਾ।
ਹਰ ਧਰਮ ਗ੍ਰੰਥ ਵਿੱਚ ਮਿਲ ਜਾਣਾ
ਰਾਹੀਂ ਅਸਲ ਸੋਝੀ ਦੇ ਪਾਠ ਧਾਰਮਿਕਤਾ ਦਾ।
ਇੱਕੋ ਤਰ੍ਹਾਂ ਦੇ ਜਿਸਮ ਬਣੇ ਨੇ।
ਤੇ ਰੂਹਾਂ ਸੱਚੀਆਂ ਦੀਆਂ ਕਦਰਾਂ ਇੱਕੋ ਨੇ।
ਦਿੱਤੀ ਰੱਬ ਨੇ ਇੱਕੋ ਜੂਨ ਹੈ।
ਸੱਭੇ ਮੰਨਣ ਇੱਕੋ ਓਂਕਾਰ ਰੱਬ ਨੂੰ
ਕਿਉਂਕਿ ਖ਼ੂਨ ਹੀ ਸਾਡਾ ਇੱਕੋ ਏ।
ਸਾਂਝ ਹੈ ਸਾਡੇ ਪਾਣੀਆਂ ਵਿਚ,
ਤੇ ਸੱਚੀ ਸਾਂਝ ਹੀ ਪ੍ਰੀਤ ਬਹਾਰ ਹੈ।
ਰਸੂਲ ਜਿੰਦੜੀ ਨੂੰ ਜਿਓਣੇ ਦਾ
ਰੱਖਣਾ ਹੀ ਆਪਸੀ ਪਿਆਰ ਹੈ।
ਪਿਆਰ ਰੱਖਣਾ ਆਪਣੇ ਸਿਦਕ ਨਾਲ

ਕਿਰਤੀ ਨਾਲ ਤੇ ਅਸੂਲਾਂ ਨਾਲ।
ਤਾਹੀਂ ਅਪਣਾ ਜੀਵਨ ਰੁਸ਼ਨਾ ਸਕਦਾ।
ਅੱਜ ਅੱਧੀ ਰਾਤੀਂ ਅੱਖਾਂ ਗਲਦਾ ,ਮੈਂ ਸਿੱਧੂ
ਲੋਕਾਂ ਨੂੰ ਇਹੀ ਗੱਲ ਸਮਝਾ ਸਕਦਾ।

# ਇਨਸਾਨੀਅਤ part 1

ਚੱਲ ਹਿਤੇਸ਼ ਸਿਆ
ਲਿਖੀਏ ਇੱਕ ਨਵੀਂ ਕਵਿਤਾ
ਜਿਸਦਾ ਕੋਈ ਅੰਤ ਨਾ ਹੋਵੇ
ਜੋ ਹਰ ਮੁਰਦੇ ਨੂੰ ਸੁਰਜੀਤ ਕਰੇ।
ਹਰ ਸ਼ਾਖ਼ ਤੇ ਵੱਸਦੇ ਭਲ ਮਾਨਸ ਨੂੰ
ਥੋੜ੍ਹਾ ਸੋਚਣ ਤੇ ਮਜਬੂਰ ਕਰੇ।

ਸ਼ੁਰੂਆਤ ਤਾਂ
ਧਾਰਮਿਕ ਲੋਕਾਂ ਤੋਂ ਹੈ ਕਰਨੀ।
ਏਕੇ ਦੀ ਕਰਨੀ।
ਧਰਮ ਤੇ ਧਾਰਮਿਕਤਾ ਦੀ ਹੈ ਕਰਨੀ।
ਕਿਉਂ ਕਿਸੇ ਨੂੰ ਮਾੜਾ ਚੰਗਾ ਹੈ ਕਹਿਣਾ।
ਸਾਰੀ ਦੁਨੀਆ ਇੱਕ ਓਟ ਮਾਲਕ ਦੀ
ਸਿੱਖੋ ਉਹਦੀ ਰਜ਼ਾ ਚ ਮਿਲ ਕੇ ਰਹਿਣਾ।
ਹੰਕਾਰ ਰੱਖਦੇ ਦੌਲਤ ਦਾ।
ਸਿਆਣਪ ਵਾਲੀ ਕੋਈ ਗੱਲ ਬਾਤ ਨਹੀਂ।
ਪਾ ਆਪਣੀਆਂ ਜੇਬਾਂ ਚ ਇੱਕ ਧੇਲਾ ਵੀ
ਲੈ ਜਾਣ ਦੀ ਠੇਡੀ ਔਕਾਤ ਨਹੀਂ।

ਕਿਸੇ ਨਹਿਰ  ਕੰਡੇ ਦੀਆ ਪੌੜੀਆਂ ਤੇ ਹੀ
ਸਭ ਨੇ ਰਾਖ ਬਣ ਕੇ ਓ ਵਹਿਣਾ।
ਫਿਰ ਕਿਉਂ ਧਰਮ ਜ਼ਾਤ ਦੇ ਨਾਂ ਉੱਤੇ
ਸਿੱਖ ਜਾਂਦੇ ਇੱਕ ਦੂਜੇ ਨਾਲ ਖਹਿਣਾ।

ਫਿਰ ਕਿਰਤੀ ਮਜ਼ਦੂਰ ਦੇ ਹੱਕ ਦੀ
ਗੱਲ ਚਾਉਂਦਾ ਹਾਂ ਮੈਂ ਕਰਨੀ।
ਕਿਉਂ ਬੇਵੱਸ ਹੋਇਆ ਦਿਸਦਾ ਮੈਨੂੰ
ਦੇਸ਼ ਦਾ ਹਰ ਇੱਕ ਅੰਨਦਾਤਾ।
ਮਜ਼ਦੂਰ ਤਾਂ ਲੱਖ ਮਿਹਨਤ ਕਰਕੇ ਵੀ
ਵਸੀਲਾ ਟੁੱਕਰ ਜੋਗਾ ਵੀ ਨਾ ਕਰ ਪਾਉਂਦਾ।
ਜੇਕਰ ਕੋਈ ਘੜੀ ਆਫ਼ਤ ਦੀ ਆ ਜਾਵੇ।
ਹੱਥ ਖੜੇ ਸਭ ਕਰ ਜਾਂਦੇ ਨੇ।
ਕਿਉਂ ਵੱਡੇ ਹਸਪਤਾਲ ਦੀਆ
ਪੌੜੀਆਂ ਚੜ੍ਹਦਿਆਂ ਨੂੰ
ਸਾਹ ਉਹਦੇ ਸੁੱਕ ਜਾਂਦੇ ਨੇ।
ਇਲਾਜ ਕਰਾਉਂਦੇ ਕਰਾਉਂਦੇ ਹੀ
ਜੇਬ ਉਹਦੀ ਦੇ ਬਚੇ ਛਿੱਲੜ ਵੀ ਮੁੱਕ ਜਾਂਦੇ ਨੇ।
ਧਰਮਾਂ ਲਈ ਤਾਂ ਲੜਦੇ ਓ
ਮਹਿੰਗਾ ਚੜ੍ਹਾਵਾ ਚੜ੍ਹਾਉਂਦੇ ਓ।

ਕਿਉਂ ਇਨਸਾਨੀਅਤ ਲਈ ਕੁੱਝ ਕਰਦਿਆਂ ਨੂੰ

ਹੱਥ ਤੁਹਾਡੇ ਹੀ ਰੁਕ ਜਾਂਦੇ ਨੇ।

ਸਿੱਧੂ ਇਨਸਾਨ ਦੀ ਗੱਲ ਮੇਰੀ ਅਧੂਰੀ ਨੀ।

ਜੋ ਦਿਸਦੀ ਸਿਰਫ਼ ਕਵਿਤਾ ਅੰਦਰ ਹੋਵੇ

ਇਹ ਵੀ ਤਾਂ ਜ਼ਰੂਰੀ ਨੀ।

ਅੱਜ ਵੀ ਤੇਰੀਆਂ ਲਿਖਤਾਂ ਨੂੰ

ਆਪਣੇ ਸਿਰ ਮੱਥੇ ਨਾਲ ਲਾਉਂਦਾ ਹਾਂ

ਤੇਰੀ ਬੇਬਾਕੀ ਸੋਚ ਦੇ ਰਾਹੋਂ

ਇਨਸਾਨੀਅਤ ਲਈ ਹੀ ਲਿਖਦੇ ਜਾਂਦਾ ਹਾਂ।....

## ਇਨਸਾਨੀਅਤ part 2

ਇਕ ਪਾਸੇ ਪੱਥਰ ਮੋਤੀ ਮੈਂ
ਅੱਜ ਸਾਵੇਂ ਤੁਲਦੇ ਵੇਖੇ ਨੇ।
ਦੂਜੇ ਪਾਸੇ ਮਜ਼ਲੂਮ ਸੜਕਾਂ ਤੇ
ਨੰਗੀ ਪੈਰੀ ਮੈਂ ਤੁਰਦੇ ਵੇਖੇ ਨੇ।

ਹੁਣ ਬਾਤ ਮੈਂ ਪਾਵਾਂ ਯੂਥ ਦੀ।
ਮੜੀਆਂ ਦੇ ਰਾਹ ਨੂੰ ਪੈ ਗਈ ਹੈ।
ਪਹਿਲਾਂ ਲੀਡਰਾ ਨਸ਼ਿਆ ਤੇ ਲਾਇਆ ਹੈ ਏਹਨੂੰ
ਹੁਣ ਨਸ਼ਾ ਮੁਕਤ ਪੰਜਾਬ ਕਰਨ ਨੂੰ ਕਹਿੰਦੀ ਹੈ।
ਸਹੀ ਸੇਧ ਨਾਲ ਰੋਕਣਾ ਚਾਹੀਦਾ ਹੈ
ਪੰਜਾਬ ਦੀ ਨਸ਼ਿਆ 'ਚ ਡਿੱਗਦੀ ਜਵਾਨੀ ਨੂੰ।
ਮੋਢਿਆ ਤੇ ਰੱਖ ਬੰਦੂਕਾਂ ਰਫਲਾਂ
ਦੁਨਾਲੀਆਂ ਰਾਹੀਂ, ਸਮਝਾਓ ਮੈਨੂੰ
ਕਿੰਝ ਵਾਘ ਹੁੰਦੇ ਨੇ ਕਿਰਸਾਨੀ ਨੂੰ।
ਪਹਿਲਾ ਹੀਰਾਂ ਤੁਰਦੀਆਂ ਸਨ ਵਿਦੇਸ਼ਾਂ ਨੂੰ
ਹੁਣ ਰਾਂਝੇ ਵੀ ਵਿਦੇਸ਼ੀ ਰਾਗ ਅਲਾਪਦੇ ਨੇ।
ਧੀ ਪੁੱਤ ਨਾ ਬਣੇ ਬੇਰੋਜ਼ਗਾਰ ਘੁੰਮਣ
ਲੱਖਾਂ ਕਰਜ਼ਾ, ਮਾਪੇ ਆਪਣੇ ਸਿਰ ਚੜਾਉਂਦੇ ਨੇ।

ਚਲੋ ਸਿਫਤ ਮਿਹਨਤ ਵੀ ਹੋਣੀ ਚਾਹੀਦੀ ਹੈ
ਅਪਣੇ ਪੰਜਾਬੀ ਵੱਸੋ, ਬਾਹਰ ਵੀ ਮਿਹਨਤੀ ਹੈ।
ਸ਼ਾਯਦ ਕਿਸੇ ਦਿਨ ਪੰਜਾਬ ਨੂੰ
ਕੈਲੀਫੋਰਨੀਆ ਬਣਾ ਵੀ ਦੇਣਗੇ
ਸਾਡੇ ਲੀਡਰਾਂ ਇਥੇ ਦਿਆ ਦੀ
ਅਫਰੀਕਾ (ਸੋਰੀ ਅਮਰੀਕਾ) ਨਾਲ ਵੀ ਸਹਿਮਤੀ ਹੈ।

ਹੁਣ ਅਗਲੀ ਗੱਲ ਹੈ ਸਿੱਧੂ
ਦੇਹਸ਼ਤਗਰਦੀ ਦੀ।
ਕਿਕਣ ਇਹ ਹਵਾ ਪੰਜਾਬ 'ਚ ਵਹਿੰਦੀ ਹੈ।
ਸ਼ੇਹ ਹੈ ਐ ਸਾਰੀ ਹਕੂਮਤਾਂ ਦੀ
ਜੋ ਮੌਤ ਸੜਕਾਂ ਤੇ ਤੁਰਦੀ ਰਹਿੰਦੀ ਹੈ।
ਕੋਈ ਲਿਖਦਾ ਬੋਲਦਾ ਕਲਮ ਆਪਣੇ ਵਾਂਗ
ਛਾਤੀ ਗੋਲੀਆਂ ਦੇ ਨਾਲ ਹੈ ਭਰ ਦਿੱਤਾ ਜਾਂਦਾ।
ਇਕ ਭੈਣ ਦੀ ਵਿਦਾਈ ਤੋਂ ਪਹਿਲਾ ਹੀ
ਭਰਾ ਕਫ਼ਨ 'ਚ ਲਿਪਟ ਕੇ ਤੁਰ ਜਾਂਦਾ।
ਹਲੂਣ ਆਉਂਦਾ ਆਤਮਾ ਤੀਕਰ ਵੀਰੇ
ਜਦ ਰੋਜ਼ ਪਲਾਂ ਵਿਚ ਹਸਦਾ ਖੇਡਦਾ
ਪਰਿਵਾਰ ਇਕ ਉੱਜੜ ਜਾਂਦਾ।
ਜੋ ਸੱਚ ਕਲਮ ਦੀ ਲਿਖਤ ਪੜ੍ਹਨਾ ਸਿੱਖ ਜਾਂਦਾ

ਓਹ ਸ਼ਾਇਦ ਸਰਕਾਰ ਸਾਹਮਣੇ

ਐਂਟੀ ਨੈਸ਼ਨਲਿਸਟ ਹੋ ਜਾਂਦਾ।

ਪਰ ਹਾਰੇ ਨਹੀਂ ਹਾਂ

ਜੰਗ ਸਾਡੀ ਜਾਰੀ ਹੈ।

ਇਨਸਾਨੀਅਤ ਤੇ ਇਨਸਾਫ ਮੁੱਖ ਮੁੱਦਾ ਹੈ ਮੇਰਾ

ਸੱਖਣੀ ਅਸੂਲਾਂ ਦੇ ਨਾਲ ਆਪਣੀ ਕਰਿਸਤਾਰੀ ਹੈ।

# ਕਿਰਦਾ ਲੋਕਾਂ ਦਾ ਖ਼ੂਨ ਹੈ

ਮੇਰੇ ਦਿਲ ਮਾਨਸ ਵਿਚ ਪੁੰਗਰੀ ਹੈ
ਇਕ ਨਵੀਂ ਕਵਿਤਾ
ਅੱਖ ਦੇ ਹੰਝੂ ਨਹੀਂ
ਕਿਰਦਾ ਲੋਕਾਂ ਦਾ ਖ਼ੂਨ ਹੈ ।
ਸੋਚ ਠੋਡੀ ਕਿਉਂ ਹੈ ਠਹਿਰੀ ?
ਕੰਕਾਲਾਂ ਦਾ ਭਰਿਆ ਸ਼ਮਸ਼ਾਨ ਹੈ।
ਰੂਹ ਮੈਨੂੰ ਕਿਧਰੇ, ਦੂਰ ਖੜੀ ਹੈ ਜਾਪਦੀ।

ਇਸ ਧਰਤ ਦੇ ਜੰਮੇ ਨਿੱਤ ਜਹਾਜੇ ਚੜ੍ਹ ਜਾਵੇ,
ਠੇਡੇ ਖਾਣ ਨੂੰ ਪਿੱਛੇ ਬਜ਼ੁਰਗ ਮਾਪੇ ਛੱਡ ਜਾਵੇ।
ਧਰਤ ਪੰਜਾਬ ਇਹ ਵੇਖ ਕੁਰਲਾਵੇ,
ਧੀ ਪੁੱਤਰਾ ਤੈਨੂੰ ਵਾਸਤੇ ਪਾਵੇ।

ਕਿਤੇ ਤਾਂ ਕੰਜਕਾ ਪੂਜਦੇ ਲੋਕ ਵੀ ਦਿਸਦੇ।
ਧੀਆ ਦਾ ਤਿਉਹਾਰ ਮਨਾਉਣ ਨੂੰ ਨਿੱਠਦੇ।
ਪਰ ਅਸਲ ਸੱਚਾਈ ਕਿਵੇਂ ਝੁਠਲਾਵਾ
ਕਦ ਸੁਣੋਗੇ ਇਨਸਾਨੀਅਤ ਦੀਆ ਚੀਕਾ ਤੁਸੀ।
ਕਯਾ ਕਸੂਰ ਸੀ ਉਸ ਧੀ ਦਾ।
ਜਦ ਕਤਲ ਓਸ ਨਵਜਾਤ ਧੀ ਦਾ।

ਕੁੱਖ ਵਿਚ ਹੀ, ਕਰ ਦਿੱਤਾ ਜਾਵੇ।

ਜਦ ਬਾਜ਼ਾਰ ਚ ਓਹ ਤੁਰਦੀ ਜਾਵੇ।
ਕਿਉਂ ਮੈਲੀ ਅੱਖ ਨਾਲ ਓਹਨੂੰ ਵੇਖਿਆ ਜਾਵੇ।
ਸਿਰਫ ਆਪਣੇ ਭੋਗ ਵਿਲਾਸ ਦੀ ਖਾਤਿਰ
ਅਸਮਤ ਓਹਦੀ ਨਾਲ ਖੇਡਿਆ ਜਾਵੇ।
ਗ਼ਲਤ ਹੈ। ਮੇਰੇ ਸ਼ਬਦ ਨਹੀਂ,
ਤੁਹਾਡੀ ਸੋਚ ਗ਼ਲਤ ਹੈ।

ਅਗਰ ਤੁਸੀ ਇਨਸਾਨ ਕਹਾਉਣਾ ਹੋ ਚਾਹੁੰਦੇ
ਤਾਂ ਬਦਲੋ ਏਸ ਜਹਾਲਤ ਨੂੰ, ਏਸ ਹਾਲਾਤ ਨੂੰ
ਤੇ ਵਿਸਰੀ ਸੋਚ ਨੂੰ ਮੁੜ ਸੁਰਜੀਤ ਕਰੋ।

ਧਿਆਨ ਕਰੋ ਅਪਣੇ ਵਿਰਸੇ ਦਾ
ਸੋਚ ਕਰੋ ਆਪਣੀ ਮਾਂ ਬੋਲੀ ਦੀ।
ਉਠੋ ਤੇ ਖੜੇ ਹੋਵੋ
ਸੰਭਾਲੋ ਆਪਣੇ ਬਾਪ ਦੀ ਪਗੜੀ।
ਹੱਕ ਲਈ ਖੜੇ ਹੋਵੋ
ਤੇ ਮੰਗ ਕਰੋ ਸਿੱਧੂ, ਇਨਸਾਫ ਦੀ, ਆਪਣੇ ਹੱਕ ਦੀ
ਵਿਚਾਰ ਕਰੋ, ਠੋਡੀ ਸੋਚ ਕਿਉਂ ਹੈ ਠਹਿਰੀ ?

# ਕਾਰਗੁਜ਼ਾਰੀ ਸਰਕਾਰਾਂ ਦੀ

ਕਾਰਗੁਜ਼ਾਰੀ ਸਰਕਾਰਾਂ ਦੀ ,
ਦਸ ਅੱਜ ਕਿਹੜਾ ਵਿਅੰਗ ਮੈਂ ਕੱਸਾਂ,
ਲਿਖਣਾ ਤਾਂ ਮੇਰਾ ਧਰਮ ਵੀਰੋ
ਕਿਉਂਕਿ ਮੈਂ ਵਿਚ ਪੰਜਾਬ ਦੇ ਵਸਾ।
ਨਾ ਬੇਰੁਜ਼ਗਾਰੀ ਹੋਈ ਦੂਰ ,
ਨਾ ਖ਼ਤਮ ਹੀ ਹੋ ਸਕਿਆ ਨਸ਼ਾ।
ਵਿਦੇਸ਼ ਨੂੰ ਭੱਜਦਾ ਯੂਥ ਸਾਡਾ।
ਹਰ ਗਲੀ ਵਗੇ ਦਿਹਸ਼ਤ ਦੀ ਸਬਾ।
ਵਿੱਦਿਆ ਵਿਚਾਰੀ ਤਾਂ ਪਰਉਪਕਾਰੀ।
ਪਰ ਸਿੱਖਿਆ ਦਾ ਪੱਧਰ ਹੁੰਦਾ ਜਾਵੇ ਨੀਵਾਂ।
ਦੱਸੋ ਕਿੰਝ ਇਸ ਰੰਗਲੇ ਪੰਜਾਬ ਦੇ
ਵਿਚ ਮੈਂ ਵਸਾ।
ਕਾਰਗੁਜ਼ਾਰੀ ਸਰਕਾਰਾਂ ਦੀ ,
ਦਸ ਅੱਜ ਕਿਹੜਾ ਵਿਅੰਗ ਮੈਂ ਕੱਸਾਂ।

(ਸਬਾ meaning ਪੌਣ)

# ਲਾਜ਼ਮੀ ਆਉਣ

ਝੂਠ ਬੋਲਦੇ ਨੇ ਦੇਸ਼ ਦੇ ਲੀਡਰ
ਕੇ ਇਹ ਹਿੰਦੁਸਤਾਨ ਬਚਾਓ।
ਮੇਰਾ ਮਸ਼ਵਰਾ
ਇਨ੍ਹਾਂ ਦਾ ਕਿਹਾ ਸੱਚ, ਤੁਸਾਂ ਨਾ ਮੰਨਣਾ।
ਤੁਸੀਂ ਖੇਡਦੇ ਰਹੋ ਆਪਣੀ ਰਵਾਨਗੀ ਚ।
ਇਹ ਤੁਹਾਡੇ ਘਰ ਬਣਾਉਣ ਜਾਂ ਨਾ ਬਣਾਉਣ।
ਇਹ ਤਾਂ ਸੁੱਟਣਗੇ ਜੁਮਲੇ  ਤੇ ਜੁਮਲਾ ਵੀ
15 ਲੱਖ ਤੁਹਾਡੇ ਬੈਂਕ ਚ ਆਉਣ ਜਾਂ ਨਾ ਆਉਣ।

ਟੀ ਵੀ ਐਂਕਰ ਨੂੰ ਆਖੋ
ਸੂੰਹ ਖਾ ਕੇ ਸੱਚ ਕਹੇ ਤਾਂ ਕਹੇ।
ਸਿਫ਼ਾਰਿਸ਼ ਹਕੂਮਤਾਂ ਦੀ ਕਰਨ ਨਾਲੋਂ ਬਿਹਤਰ।
ਸੜਕਾਂ ਤੇ ਹਾਲਾਤ ਦਾ ਜਾਇਜ਼ਾ ਲੈ ਕੇ ਸੱਚ ਕਹੇ।
ਝੂਠੀਆਂ ਖ਼ਬਰਾਂ ਦੇ ਸਿਰ ਦੇ ਨਾ ਇੰਝ ਲੋਕ ਮਰਵਾਉਣ।
ਤੁਸਾਂ ਛੱਡ ਦਿਓ ਇਨ੍ਹਾਂ ਨੂੰ ਸੁਣਨਾ।
ਭਰੋਸਾ ਨਹੀਂ ਹੈ ਮੈਨੂੰ ਇਨ੍ਹਾਂ ਤੇ
ਕੇ ਆਹ ਸੱਚ ਵੀ ਵਿਖਾਉਣ ਜਾਂ ਨਾ ਵਿਖਾਉਣ।

ਮੈਂ ਸੱਚ ਜਾਣਨ ਦਾ ਇੱਛਕ ਹਾਂ।

ਕਿ ਮੇਰੀ ਕਲਮ ਦੀ ਵੇਲ ਕਮਲੀ ਨਹੀਂ।

ਤਾਂ ਹਨੇਰੀ ਨੁੱਕਰ ਦੇ ਵਿਚ

ਗੁਮਨਾਮ ਜਾ ਬੈਠੇ ਸੋਚ ਰਿਹਾ।

ਪਰ ਸਿੱਧੂ, ਹਾਂ ਆਪਾ ਲੜਨਾ

ਇਨਸਾਫ਼ ਲਈ ਇਨਸਾਨੀਅਤ ਲਈ

ਅਖੀਰ ਤੀਕਰ।

ਜਾਗਦੀ ਜ਼ਮੀਰ ਵਾਲਿਓ

ਸਾਥ ਸਾਡਾ ਨਿਭਾਉਣ ਨੂੰ ਆਉਣ ਤੇ ਲਾਜ਼ਮੀ ਆਉਣ।

# ਉਹ ਕੰਮ ਕਰਨਾ

ਰੱਬ ਜੀਹਦੇ ਲਈ ਹੈ ਘੱਲਿਆ।
ਜੱਗ ਵਾਲ਼ੇ ਗ਼ਲਤ ਰਾਹਾਂ
ਤੇ ਅਜ਼ਾਬ 'ਚ ਨੀ ਪਈ ਦਾ।
ਗੁਮਨਾਮ ਜੇਨੇ ਰਿਸ਼ਤੇ ਵੀ
ਅਜੀਬ ਹੁੰਦੇ ਯਾਰੋ।
ਪਿਆਰ ਵਿੱਚ ਬਹੁਤਿਆਂ
ਹਿਸਾਬਾਂ 'ਚ ਨਈ ਪਈ ਦਾ।
ਇੱਕੋ ਸ਼ੇਅਰ ਦੱਸ ਦੇਂਦਾ
ਕਵੀਸ਼ਰੀ ਦਾ ਮਿਆਰ ਇੰਨਾ ਉੱਚਾ,
ਜਿੰਨਾ ਕੁੱਝ ਮੈਂ ਲਿਖ ਜਾਣਾ
ਸਭ ਪਰਾਂ ਰਕਾਬਾਂ ਪਾਰ ਪਈ ਦਾ।

# ਸਾਡਾ ਹੱਕ ਏਥੇ ਰੱਖ

ਯੂਥ ਅੱਜ ਦਾ
ਸੰਘ ਪਾੜ ਕੇ ਨਾਅਰੇ ਲਾ ਰਿਹਾ।
ਪਰ ਸਿਆਸਤ ਕਹਿੰਦੀ ਕੀ ਪਈ?
ਆਹੀਂ ਕੇ ਸ਼ਾਂਤੀ ਰੱਖੋ। ਸਭ ਸ਼ਾਂਤੀ ਰੱਖੋ।
ਭਗਤ ਸਿੰਘ ਤੇ ਗਾਂਧੀ
ਦੋਹਾਂ ਦੀ ਰੂਹ ਕੁਰਲਾਉਂਦੀ ਪਈ ਹੋਣੀ।
ਕਿਉਂਕਿ ਦੋਹਾਂ ਨੇ ਸ਼ਾਇਦ
ਇਹ ਸੁਪਨੇ ਨਹੀਂ ਸੀ ਵੇਖੇ ਹੋਣੇ।
ਆਪਣੇ ਦੇਸ਼ ਲਈ।
ਪਰ ਯੂਥ ਸੱਚਾ ਹੈ।
ਡਿਗਰੀਆਂ ਦਾ ਥੱਬਾ ਹੱਥ ਵਿਚ।
ਇੰਟਰੇਂਸ ਵਿਚ ਰੁਤਬਾ ਵੱਡਾ।
ਪਰ ਨੌਕਰੀ ਨਹੀਂ ਹੈ।
ਹਸਪਤਾਲ ਦੇ ਬਾਹਰ ਕਤਾਰ ਚ ਖੜੇ ਮਰੀਜ਼ ਦੇ
ਚਿਹਰੇ ਤੇ ਪਈ ਉਦਾਸੀ।
ਤੁਹਾਡੇ ਹੈਲਥੀ ਸਿਸਟਮ ਨੂੰ ਉਜਾਗਰ ਕਰ ਦੇਂਦੀ।
ਖੇਤਾਂ ਚ ਖ਼ਰਾਬ ਹੋਈ ਫ਼ਸਲ ਉੱਤੇ
ਤੁਹਾਡੇ ਵੱਲ ਵੇਖ ਰਿਹਾ ਹੈ ਕਿਰਸਾਨ।

ਤੁਹਾਡੇ ਆਮਦਨ ਦੁੱਗਣੀ ਕਰਨ ਦਾ ਵਾਅਦਾ। ਹੈ ਕਿੱਥੇ?
ਮੇਰੀ ਨੀਂਦ ਦਾ ਤਾਂ ਕਤਲ ਹੋਣਾ ਲਾਜ਼ਮੀ ਹੈ।
ਪਰ ਇੱਕ ਪਰਵਾਰ ਸਿਸਟਮ ਤੋਂ
ਆਸ ਕਰਦਾ ਇਨਸਾਫ਼ ਲਈ।
ਪਰ ਕੋਈ ਢੁਕਵਾਂ ਜਵਾਬ
ਨਹੀਂ ਹੈ ਦਿੱਤਾ ਜਾਂਦਾ ਉਨ੍ਹਾਂ ਨੂੰ ਵੀ।
ਕਿਉਂ ਸੜਕ ਤੇ ਬੈਠੇ ਲੋਕ
ਪਾਖੰਡੀ ਜਿਹੇ ਨੇ ਜਾਪਦੇ ਤੁਹਾਨੂੰ।
ਸੁਪਨਿਆਂ, ਜ਼ਰੂਰਤਾਂ, ਖ਼ੁਸ਼ਹਾਲੀ ਤੇ ਜ਼ਿੰਦਗੀ ਦੀ
ਅਹਿਮੀਅਤ ਨੂੰ ਜਾਣ ਚੁੱਕੇ ਲੋਕ।
ਆਓ ਸਾਡੇ ਨਾਲ।
ਤੇ ਗ਼ਰਜ ਕੇ ਕਹੋ "ਸਾਡਾ ਹੱਕ ਏਥੇ ਰੱਖ"।

# ਭੁੱਖਿਆਂ ਨੂੰ ਰੋਟੀ ਤੇ ਵਿਹਲਿਆਂ ਨੂੰ ਕੰਮ

ਮੇਰਾ ਕੰਮ ਹੈ

ਮਰ ਚੁੱਕੀ ਜਨਤਾ ‘ਚ ਜਾਨ ਪਾਉਣਾ

ਹਾਸਿਆਂ ਖੇਡੀਆਂ ਮੇਰਾ ਸ਼ੌਕ ਨੀ।

ਜੇਕਰ ਸ਼ਾਇਰ ਵੀ ਬਣਿਆ

ਤਾਂ ਲਿਖਾਂਗਾ ਗ਼ਰੀਬ

ਕਿਰਤੀਆਂ ਦੀ ਮਜਬੂਰੀ।

ਭੁੱਖੇ ਨੰਗੇ ਸੜਕਾਂ ਤੇ ਵਿਲਕਦੇ

ਬਾਲਾਂ ਦੇ ਹੰਝੂ।

ਦੇਵੀਆਂ, ਕੰਜ਼ਕਾ ਦੇ ਦੇਸ਼ ਅੰਦਰ

ਕਿਸੇ ਧੀ ਰਾਣੀ ਦੀ

ਰੋਜ਼ ਲੁੱਟ ਹੁੰਦੀ ਅਸਮਤ ਬਾਰੇ।

ਚਿੱਟੇ ਦਿਨ 'ਚ ਵਾਪਰਦੀ ਦਿਹਸ਼ਟ ਬਾਰੇ।

ਇਨਸਾਫ਼ 'ਚ ਮਿਲਦੀ ਦੇਰੀ ਬਾਰੇ।

ਕਿਉਂ ਬੋਲਦੇ ਹੁੰਦੇ ਨੇ ਝੂਠ

ਲਾਲ ਬੱਤੀ ਰੱਖੀ ਕਾਰ ਵਾਲੇ।

ਮੇਰੇ ਵੱਲੋਂ ਸਿਫ਼ਤ ਸਿਰਫ਼ ਉਹਦੀ
ਜੋ ਸਮਾਜ 'ਚ ਵਾਪਰ ਹੁੰਦੇ ਗ਼ਲਤ ਨੂੰ
ਨਿਧੜਕ ਹੋ ਕੇ ਗ਼ਲਤ ਆਖੇ।
ਦਲੇਰ ਹੋ ਕੇ ਝੂਠ ਨੂੰ ਝੂਠ,
ਤੇ ਸੱਚ ਨੂੰ ਸੱਚ ਦੱਸਣ 'ਚ ਸਮਰੱਥ ਹੋਵੇ।
ਸਿੱਧੂ, ਤੇਰੇ ਇਨਸਾਫ਼ ਨੂੰ ਅੱਗੇ ਆਵੇ।
ਸਰਕਾਰ ਤੋਂ ਮੁੜ ਉਹੀ ਨੇ ਸਵਾਲ ਮੇਰੇ
ਭੁੱਖਿਆਂ ਨੂੰ ਰੋਟੀ ਤੇ ਵਿਹਲਿਆਂ ਨੂੰ ਕੰਮ
ਸਭ ਲਈ ਮਕਾਨ। ਕਿੱਥੇ ਨੇ?
ਸਵਾਲ ਪੁੱਛਣਾ ਇਹ ਆਪਣਾ ਕੰਮ ਹੈ।
ਤੁਸੀਂ ਵੀ ਧਰਮ ਜਾਤ ਤੇ
ਝਗੜੇ ਤੋਂ ਵਿਹਲੇ ਹੋ ਕੇ
ਆਪਣੇ ਅੰਦਰ ਝਾਤੀ ਮਾਰ ਲੈਣਾ।
ਸ਼ਾਇਦ ਤੁਸੀਂ ਵੀ ਕਰ ਪਾਓ
ਹਕੂਮਤਾਂ ਤੋਂ ਇਹ ਸਵਾਲ।

# ਜ਼ਫ਼ਰ ਕਿਉਂ ਰੋਇਆ

ਜ਼ਫ਼ਰ ਕਿਉਂ ਰੋਇਆ
ਉਹ ਇੰਨਾ ਮਾੜਾ ਨੀ ਸੀ
ਕੁਫ਼ਰ ਕਿਉਂ ਹਰ ਗਲੀ
ਹਰ ਮੁਹੱਲੇ ਤੇ ਹਰ ਬਾਜ਼ਾਰ ਵਿਚ ਹੋਇਆ
ਕਿਉਂ ਸਬਰ ਉਡਾਣ ਦਾ ਉਹਦੀ
ਵਾੜਾ ਨੀ ਸੀ।
ਭਾਲਦਾ ਸੀ ਕੁੱਝ ਲਮ੍ਹਿਆਂ ਨੂੰ
ਜਗੀਰ ਬਣਾਉਣਾ ਆਪਣੀ ਰੂਹ ਤੱਕ ਦਾ
ਪਰ ਓਹਦੀ ਮਸ਼ਗੂਲ ਰਵਾਇਤਾਂ ਦਾ
ਸ਼ਾਇਦ ਉਹ ਪਾਰਾ ਨੀ ਸੀ।
ਨੀਰ ਦੀਆ ਕੁੱਝ ਬੂੰਦਾਂ ਨਾਲ
ਓਹਨੇ ਕਿਉਂ ਉਕੇਰੇ ਹੋਣੇ ਇਤਿਹਾਸ
ਜ਼ਫ਼ਰ ਤੁਕੜੇ  ਤੇ ਟੁਕੜੇ ਦੇ ਦਾ ਫ਼ਰਕ ਕਰਦਿਆਂ
ਕਿਉਂ ਉਹਨੂੰ ਆਪਣੇ ਸਵਾਰ ਦਾ
ਹੁੰਗਾਰਾ ਨਹੀਂ ਸੀ?
ਜ਼ਫ਼ਰ ਕਿਉਂ ਰੋਇਆ
ਉਹ ਇੰਨਾ ਮਾੜਾ ਨੀ ਸੀ।

# ਔਕਾਤ ਨਹੀਂ ਹੈ ਮੇਰੀ

ਮੇਰਾ ਮੁਕਾਬਲਾ ਲੋਕਾਂ ਨਾਲ ਹੋਵੇ
ਹਰ ਜੰਗ ਜਿੱਤ ਜਾ ਗਾ।
ਪਰ ਜੇਕਰ ਖ਼ੁਦ ਦੇ ਨਾਲ ਹੋਵੇ
ਤਾਂ ਮੈਂ ਹਾਰਦਾ।
ਕਿਉਂਕਿ ਇਹ ਹੈ ਮੇਰੀ ਮਜਬੂਰੀ
ਤੇ ਮੇਰੀ ਨਿਯਤੀ ।
ਮੇਰੇ ਜੀਵਨ ਦੇ ਅਣਕਹੇ ਪਹਿਲੂ ਵੀ।
ਜੋ ਤੁਹਾਡੇ ਸਮਝ ਤੋਂ ਅਨੰਤ ਪਰੇ ਨੇ।
ਮੇਰੇ ਸ਼ਬਦਾਂ ਜੇਕਰ ਤੁਸੀਂ ਜਾਣਨਾ
ਤਾਂ ਰੁਕੋ
ਹਰ ਰਾਤ ਮੌਤ ਤੇ ਦਸਤਕ ਦੇਣ ਤੇ
ਕੁੱਝ ਸਮਾਂ ਰੋਕ ਲਵਾਂ
ਅਜਿਹਾ ਮੇਰਾ ਝੁਲਸਦਾ
ਸਿਵਾ, ਮੇਰਾ ਦਰਦ ਨੂੰ ਜਾਣਦਾ।
ਤੇ ਹਰ ਇੱਕ ਮਜਬੂਰੀ ਮੇਰੇ ਹੀ
ਸ਼ਬਦ ਨੂੰ ਅਗਨ ਸਹਿਤ
ਨਵੇਂ ਰੂਪ ਚ ਢਾਲ ਦੇਂਦੀ।
ਪਰ ਹੈ ਤਾਂ ਮੇਰੀ ਮਜਬੂਰੀ ਹੀ।
ਤਾਂ ਮੈਂ ਸੁਪਨੇ ਵੇਖਦਾ ਹੀ ਨਹੀਂ।
ਕਿਉਂਕਿ ਔਕਾਤ ਨਹੀਂ ਹੈ ਮੇਰੀ।

# ਮੈਨੂੰ ਦਿਸਦੀਆਂ ਯਾਰੋ ਵੋਟਾਂ।

ਕਿੱਥੇ ਨੇ ਇਨਸਾਨ
ਮੈਨੂੰ ਦਿਸਦੀਆਂ ਯਾਰੋ ਵੋਟਾਂ।
ਮਹਿੰਗੇ ਮੁੱਲ ਸੀ ਸਿਰਾ ਦੇ
ਸਸਤੇ 'ਚ ਵਿਕਿਆਂ ਨੇ ਵੋਟਾਂ।
ਲੀਡਰ ਧਰਮਾਂ ਦੇ ਨਾਂਅ ਉੱਤੇ
ਨਿੱਤ ਪਾਉਂਦੇ ਰਹਿੰਦੇ ਨੇ ਪੁਆੜੇ
ਫੇਰ ਕਹਿਰ ਲੋਕਾਂ ਤੇ ਹੀ ਬਣ
ਢੇਹਦੀਆ ਨੇ ਵੋਟਾਂ।
ਮਗ਼ਰੂਰ ਸੱਤਾ ਦੇ ਨਸ਼ੇ
ਹਾਕਮ ਖੇਡਦੇ ਨੇ ਖੇਡਾਂ।
ਭਾਈਚਾਰੇ ਦੇ ਸਿਵੇ ਉੱਤੇ
ਸਿੱਕਦੀਆ ਨੇ ਵੋਟਾਂ।
ਗ਼ੁਲਾਮੀ ਰਲ਼ੀ ਸਾਡੇ ਖ਼ੂਨ ਅੰਦਰ
ਭੇੜ ਤੰਤਰ ਹੈ ਅਕੀਦਾ
ਆਦਤ ਨੀਵੀਂ ਪਾ ਕੇ ਤੁਰਨ ਦੀ
ਸ਼ਰਾਫ਼ਤ ਤਸਦੀਕਦੀਆਂ ਨੇ ਵੋਟਾਂ।
ਸਾਡੇ ਅਧਿਕਾਰ ਕੁਲ ਜਕੜੇ।
ਇਨਕਲਾਬੀ ਜੇਲ੍ਹਾਂ ਵਿਚ ਨੇ ਜਕੜੇ।

ਯੂਥ ਜਹਾਜ਼ ਦੀਆ ਬਾਰੀਆਂ ਨੂੰ ਪਕੜੇ।

ਫੇਰ ਵੀ ਸੁਣਨ ਲਈ ਝੂਠੇ ਭਾਸ਼ਣ

ਕਿਉਂ ਆਪੜਦੀਆ ਨੇ ਵੋਟਾਂ?

ਸਿਰਫ਼ ਇਨਸਾਫ਼ ਦੀ ਮੰਗ ਹਰ ਵਾਰ

ਦੋਹਰਉਂਦਾ ਫਿਰੇ ਇੱਕ ਪਰਵਾਰ

ਭੁੰਜੇ ਲੱਗੇ ਨੇ ਅਰਮਾਨ

ਤੇ ਬੱਸ ਸਹਕਦੀਆ ਨੇ ਵੋਟਾਂ।

ਸੋਚੋ ਤੇ ਵਿਚਾਰੋ

ਕਿਉਂ ਲਾਲਚ ਤੇ ਵੇਹੰਦੀਆ ਨੇ ਵੋਟਾਂ?

ਵਿੱਚ ਲੋਕਤੰਤਰ ਦੇ

ਬਹੁਤ ਕੁੱਝ ਕਹਿੰਦਿਆਂ ਨੇ ਵੋਟਾਂ।

ਕਿੱਥੇ ਨੇ ਇਨਸਾਨ

ਮੈਨੂੰ ਦਿਸਦੀਆਂ ਨੇ ਸਿਰਫ਼ ਵੋਟਾਂ।

## ਮੇਰਾ ਸਿਦਕ ਤੇ ਇਸ਼ਕ ਅੱਜ ਵੀ ਬੇ-ਨਿਆਜ਼ ਹੈ।

ਭੁੱਖੀ ਰਹਿ ਕੇ ਦਾਣੇ ਖਾਣ ਨੂੰ ਦੇਵੇ
ਇੱਕ ਗਰੀਬਨੀ, ਜੋ ਕੁੱਝ ਬੱਚਾ ਮੰਗ ਕਰੇ
ਇਸ ਮੋਹ ਖ਼ਜ਼ਾਨੇ ਦੀ ਕੀਮਤ ਕੋਈ
ਦੇ ਸਕਦੀ ਸਰਕਾਰ ਨਹੀਂ।
ਜਿਹਾ ਰਾਜਾ ਤੇ ਓਵੇਂ ਓ
ਉਹਦੇ ਵਜ਼ੀਰ ਨੇ ਹੁੰਦੇ,
ਸੱਚ ਧਾਰਨ, ਕਲਮ ਮੇਰੇ ਦੀ ਸੱਧਰਾਂ
ਮੈਂ ਕਰਨੀ ਕੋਈ ਪੈਰੋਕਾਰ ਨਹੀਂ।
ਮੈਂ ਵੀ ਸੋਚਿਆ ਚਲੋ ਮੈਂ ਸੁਣ ਹੀ ਆਵਾਂ ਸਿੱਧੂ
ਜੱਗ ਜਹਾਨੋਂ ਛੱਡਣੇ ਬਾਅਦ
ਲੋਕ ਕੀ ਕੁੱਝ ਕਹਿ ਕਹਾ ਰਹੇ ।
ਥੋੜ੍ਹੇ ਕੰਮ ਦੀ ਗੱਲ ਵੀ ਕਰ ਰਹੇ
ਤੇ ਕੁੱਝ ਕੂ ਐਵੇਂ ਕਾਂਵਾਂ ਰੌਲ਼ੀ ਪਾ ਰਹੇ।
ਪਰ ਇਨਕਲਾਬੀ ਸੋਚ ਹੈ ਸਾਡੀ
ਤੇ ਖੜਨਾ ਅਸੀਂ ਹੈ ਅੰਤ ਤਕ।
ਤੇਰੀ ਸੋਚ ਦਾ ਦੀਵਾ ਬਾਲ ਕੇ ਸਿੱਧੂ।
ਅਸੀਂ ਸਾਰਾ ਹੀ ਜੱਗ ਰੁਸ਼ਣਾ ਰਹੇ।
ਜੇ ਬੇੜੀ ਦਾ ਰੁਖ਼

ਨਿਰੀ ਪੌਣ ਦਾ ਮੁਹਤਾਜ ਹੈ
ਤਾਂ ਮਨੁੱਖਤਾ ਦੇ ਲਹੂ ਭਿੱਜੇ
ਵਰਕਿਆਂ ਦੀ ਕਸਮ ਹੈ ਮੈਨੂੰ।
ਮੇਰਾ ਸਿਦਕ ਤੇ ਇਸ਼ਕ ਅੱਜ ਵੀ ਬੇ-ਨਿਆਜ਼ ਹੈ।

# ਅਲਫਾਜ਼ ਮਨੁੱਖਤਾ ਲਈ ਹੀ ਹੋਣਗੇ ਮੇਰੇ

ਬੜਾ ਸਾਦਾ ਜਾ ਇਨਸਾਨ ਹਾਂ ਮੈਂ
ਸ਼ਾਇਦ ਹਾਰਿਆ ਵਕਤ ਤੋਂ ਵੀ
ਥੋੜੇ ਸਮੇਂ ਦਾ ਮਹਿਮਾਨ ਹਾਂ ਮੈਂ।
ਪਰ ਜਦ ਤੀਕਰ ਚੱਲਣਗੇ ਸਾਹ ਮੇਰੇ।
ਅਲਫਾਜ਼ ਮਨੁੱਖਤਾ ਲਈ ਹੀ ਹੋਣਗੇ ਮੇਰੇ।

ਰੁੱਤ ਦੇ ਦੁਖਾਂਤ ਅੰਦਰ
ਪੈਰਾਂ 'ਚ ਨਿਵਾਵਾਂ ਖ਼ੁਦ ਨੂੰ।
ਨਰਕਾਂ ਨਾਲ ਹੈ ਵਿਉਂਤਬੰਦੀ ਮੇਰੀ।
ਪਰ ਚਾਅ ਇਸ ਧਰਤ ਨੂੰ
ਸਵਰਗ ਬਣਾਉਣ ਲਈ ਹੀ ਹੋਣਗੇ ਮੇਰੇ।

ਖ਼ੁਸ਼ਾਮਦ ਮੇਰੇ ਤੋਂ ਰਾਹ ਨੇਕੀ ਦੇ
ਚੱਲਣ ਵਾਲੇ ਸਾਰਿਆ ਦੀ।
ਪਰ ਜ਼ੁਲਮ ਮਾੜੇ 'ਤੇ ਧਕੇਂਦਿਆ ਨੂੰ
ਜੁਗਾਂ ਦੇ ਲਿਤਾੜੇ ਹੋਇਆ ਨੂੰ
ਤੇ ਜ਼ਿੰਦਗੀ ਤੋਂ ਨੇ ਹਾਰਿਆ ਨੂੰ
ਜਗਾਉਣ ਲਈ ਹੀ ਹੋਣਗੇ ਮੇਰੇ।

ਕੋਈ ਭੁੱਖ ਨਾਲ ਨਾ ਸੌਵੇਂ
ਗਿਆਨ ਸਭ ਨੂੰ
ਅਧਿਕਾਰ ਸਹਿਤ ਹੋ ਮਿਲੇ।
ਭੇਦਭਾਵ ਤੇ ਲੜਾਈ ਖ਼ਤਮ ਹੋਵੇ।
ਦਿਨ ਚੜ੍ਹੇ ਹੁੰਦੀ ਦਿਹਸ਼ਤ ਦੀ
ਜਵਾਬਦੇਹੀ ਹੋਣੀ ਚਾਹੀਦੀ ਹੈ ਤੈਅ ।
ਤਾਹੀਂ  ਰੋਜ਼ ਜੂਝਦਾ ਤੇ ਪਾਉਂਦਾ ਹਾਂ ਦੁਹਾਈ
ਪਰੀਭਾਸ਼ਾ ਸੋਨ ਸਵੇਰ ਦੀ
ਬਿਆਨ ਕਰਨ ਵਾਲੇ ਹੀ ਹੋਣਗੇ ਮੇਰੇ।

ਬੇਸ਼ੱਕ ਮੇਰੇ ਸ਼ਬਦ ਰੜਕਨੇ ਨੇ ਕਈਆਂ ਨੂੰ।
ਉਮੀਦ ਜਲਦੀ ਨਿਗਲ ਜਾਣ
ਖ਼ਲਾਅ ਮੇਰੇ ਜੀਣ ਨੂੰ।
ਪਰ ਜਦ ਤਕ ਚੱਲਣਗੇ, ਸੱਧਰਾਂ ਚ ਬੋਲ ਸਿੱਧੂ
ਅਲਫਾਜ਼ ਮਨੁੱਖਤਾ ਲਈ ਹੀ ਹੋਣਗੇ ਮੇਰੇ।
ਤੇਰੇ ਇਨਸਾਫ਼ ਦੀ ਮੰਗ
ਦੁਹਰਾਉਣ ਲਈ ਹੀ ਹੋਣਗੇ ਮੇਰੇ।

# ਜ਼ਫ਼ਰ ਤਾਂ ਰੋਇਆ (ਜਵਾਬ)।

ਜ਼ਫ਼ਰ ਕਿਉਂ ਰੋਇਆ
ਓਹ ਇੰਨਾ ਮਾੜਾ ਨਹੀਂ ਸੀ।
ਕਿਸਮਤ ਤੋ ਹਾਰਿਆ
ਹੱਥ 'ਚ ਤਕਦੀਰ ਦੀਆ ਲਕੀਰਾਂ ਨੂੰ ਵੇਖਦਾ
ਇਕ ਅਜਨਬੀ ਰਾਹ ਤੇ ਤੁਰਿਆ ਜਾਵੇ ਓਹ।
ਓਹਨੂੰ ਕਿਸੇ ਦਾ ਧਰਵਾਸ ਨਹੀਂ ਸੀ।
ਓਹਨੂੰ ਆਪਣੇ ਵਜੂਦ ਦਾ ਹੋਸ਼ ਹਵਾਸ ਨਹੀਂ ਸੀ।
ਓਹ ਤਾਂ ਰੋਇਆ।
ਕਿਉਂਕਿ ਓਹਨੇ ਜਾਣਿਆ
ਇਕ ਵੀ ਹੰਝੂ ਦਾ ਮੁੱਲ ਕੌਡੀ ਤਕ ਨੀ ਸੀ।
ਓਹ ਤਾਂ ਰੋਇਆ।
ਓਹਦੀ ਰੂਹ ਨੂੰ ਅਰਥੀ ਦੇਣ ਲਈ
ਕੋਈ ਮੋਢੀ ਨਹੀਂ ਸੀ।
ਬਸ ਜਾਵੇ ਓਹ।
ਇਕ ਅਜਨਬੀ ਰਾਹ ਤੇ ਤੁਰਿਆ।
ਹਮੇਸ਼ਾਂ ਦੀ ਤਰ੍ਹਾਂ।
ਪਰ ਹਾਂ, ਓਹ ਹਾਰੇਗਾ ਨਹੀਂ।
ਮਰਿਆ ਜ਼ਰੂਰ ਹੈ ਪਰ ਮੁੱਕਿਆ ਨਹੀਂ।

ਸ਼ਮਸ਼ਾਨ ਚ ਆਪਣੇ ਹੀ ਬਲਦੇ ਸਿਵੇ ਤੋਂ

ਲੈਂਦਾ ਓਹ ਭਾਂਬੜ।

ਤੇ ਓਕੇਰਦਾ ਓਹ ਨਿਤ ਨਵੇਂ ਇਤਿਹਾਸ।

ਹਰ ਵਾਰ।

ਕਿਉਂਕਿ ਓਹ ਹੈ ਬਾਮਕਸਦ ।

ਸਮਝੇ ਅੱਜ ਵੀ ਬਰਦਾਸ਼ਤ ਤੋਂ ਐਪਰ

ਖਿਲਾਫਤ ਇੰਸਾਨੀਅਤ ਦੀ।

ਤਾਂ ਉਹ ਲਿਖਦਾ ਹੈ।

ਤੇ ਓਡੀਕਦਾ ਆਪਣੀ ਮੌਤ ਨੂੰ ਓਹ।

ਸੁਕੂਨ ਨਹੀਂ, ਚੈਨ ਨਹੀਂ ਓਹਨੂੰ।

ਪਰ ਡਰਦਾ ਵੀ ਨਹੀਂ ਓਹ।

ਓਹ ਆਪਣੀ ਬੇਬਸੀ ਤੇ ਰੋ ਸਕਦੇ।

ਕੋਰੇ ਵਰਕਿਆਂ ਨੂੰ

ਆਪਣੇ ਹੰਝੂਆਂ ਦੀ ਸਿਆਹੀ ਬਣਾ

ਭਿੱਗੋ ਸਕਦਾ।

ਤਾਂ ਓਹਨੂੰ ਰੋਣ ਦੋ

ਦੋ ਘੜੀ। ਬਸ ਦੋ ਘੜੀ। ਕਿਉਂਕਿ ਜਵਾਬ ਆਹੀ ਹੈ।

ਜ਼ਫ਼ਰ ਤਾਂ ਰੋਇਆ।

ਕਿਉਂਕਿ

ਓਹ ਇੰਨਾ ਮਾੜਾ ਨਹੀਂ ਸੀ।

# ਤੁਸੀ ਵੀ ਆਓ ਤੇ ਸਾਥ ਦਿਓ ਮੇਰਾ

ਜਦ ਵੀ ਲੋਕ ਪਾਉਣਗੇ
ਮੇਰੇ ਕਿਰਦਾਰ ਤੇ ਝਾਤੀ
ਕਹਿਣਗੇ ਮੈਨੂੰ ਝੂਠਾ ਤੇ ਮੱਕਾਰ।
ਮੈਂ ਨਹੀਂ ਬਣਨਾ ਤੁਹਾਡੇ ਭਰੋਸੇ ਦੇ ਯੋਗ ਕਦੇ ਵੀ।
ਮੈਂ ਆਪਣੀ ਰਾਹ ਆਪ ਚੁਣਦਾ
ਤੇ ਖੁਦ ਹੀ ਚਲਦਾ , ਏਸ ਕੰਡਿਆਲੀ ਰਾਹ ਤੇ।
ਜਦ ਮੇਰੀਆ ਸੱਭੋ ਰੀਝਾਂ
ਬੁੱਕਲ ਮਾਰ ਕੇ ਬਹਿ ਗਈਆਂ
ਫੇਰ ਮੈਂ ਉਠਿਆ, ਆਪਣੇ ਲਈ ਤੇ ਲੋਕਾਂ ਲਈ।
ਤਾਂ ਮੇਰੇ ਅਲਫ਼ਾਜ਼ਾ ਤੇ ਭਰੋਸਾ ਨਾ ਕਰਨਾ ।
ਕਿਉਂਕਿ ਮੇਰਾ ਕੋਈ ਵਜੂਦ ਹੀ ਨਹੀਂ।
ਮੈਂ ਅੰਬਰਾਂ ਦੇ ਸ਼ਿਖਰ ਤੇ ਪਹੁੰਚ ਕੇ ਵੀ
ਗਲ ਜ਼ਮੀਨੀ ਪੱਧਰ ਦੀ ਹੀ ਕਰਾਂਗਾ।
ਮੈਂ ਹਮੇਸ਼ਾ ਹਿਮਾਇਤ
ਦਬੇ ਕੁਚਲੇ ਲੋਕਾਂ ਦੀ ਹੀ ਕਰਾਂਗਾ।
ਇਨਸਾਨੀਅਤ ਤੇ ਸੱਚੇ ਧਰਮ ਦੀ ਹੀ ਕਰਾਂਗਾ।
ਤੇ ਮੇਰੀਆ ਗੱਲਾਂ ਦਾ
ਤੁਹਾਨੂੰ ਤੇ ਤੁਹਾਡੇ ਮਹਿਫ਼ਿਲ ਨੂੰ ਬੁਰਾ ਲਗ ਜਾਣਾ।
ਹੋ ਸਕਦਾ ਕੇ ਮੈਨੂੰ ਧੱਕੇ ਮਾਰ ਕੇ

ਨੀਚਾ ਵੀ ਵਿਖਾਇਆ ਜਾਵੇ।
ਸੱਚ ਕੌੜਾ ਹੈ, ਪਰ ਹੈ ਮੇਰੀ ਇਹੀ ਸਚਾਈ।
ਮੇਰੀ ਨੀਅਤਿ ਮੈਨੂੰ ਥੱਲੇ ਵੱਲ ਹੀ ਹੈ ਪੁਕਾਰਦੀ ।
ਏਸੇ ਲਈ ਮੈਂ ਹਰ ਵਾਰ ਜਿੱਤ ਕੇ ਹਾਰਦਾ ਵਾਂ।
ਪਰ ਤੇ ਇਹੀ ਮਜ਼ਲੂਮ ਲੋਕ ਨੇ ਜਿਹੜੇ
ਮੈਨੂੰ ਮੁੜ ਸੁਰਜੀਤ ਕਰ ਦੇਂਦੇ ।
ਮੈਂ ਇਹਨਾ ਦੇ ਵਹੰਦੇ ਹੰਞੂਆਂ ਖਾਤਿਰ ਹੀ ਲੜਦਾ।
ਗੁਹਾਰ ਲਗਾਉਂਦਾ ਹਕੂਮਤਾਂ ਤੋਂ।
ਤਾਂ ਮੇਰੇ ਕਿਰਦਾਰ ਤੇ ਭਰੋਸਾ ਨਾ ਕਰਨਾ।
ਮੈਂ ਹਾਰ ਮੰਨ ਹੀ ਨਹੀਂ ਸਕਦਾ।
ਹਰ ਘੜੀ ਕਰਾਂਗਾ ਕੋਸ਼ਿਸ਼ਾ ।
ਲਿਖਾਂਗਾ ਤੇ ਘੜਾਂਗਾ ਕੁਛ ਐਸਾ
ਜਿਸ ਨਾਲ ਮਾਨਵਤਾ ਦਾ ਭਲਾ ਹੋਵੇ।
ਲੋਕਾਂ ਦਾ ਸਿਦਕ ਜਾਗੇ।
ਤੇ ਲੋਕ ਭੇਦ ਭਾਵ ਦੇ ਜਾਲ ਚੋ ਬਾਹਰ ਨਿਕਲ ਕੇ
ਨਵੇਂ ਸਵੇਰ ਤੇ ਨਵੀਂ ਸੋਚ ਦੀ ਗੱਲ ਕਰਨ।
ਨਾ ਕੇ ਮੰਦਿਰ ਮਸਜਿਦ ਦੀ।
ਨਾ ਕੇ ਧਰਮ ਦੇ ਪੈਰੋਕਾਰਾਂ ਦੀ।
ਨਾ ਕੇ ਸਿਆਸੀ ਜੁਮਲਿਆਂ ਦੀ।
ਸਿੱਧੂ ਆਹੀ ਹੈ ਮੇਰੀ ਸੋਚ ਦਾ ਗਿਆਨ।
ਗਲ ਲੱਗ ਕੇ ਰੋ ਪੈਂਦਾ
ਹਰ ਲਿਸੇ ਤੇ ਜਰਵਾਣੇ ਬਾਰੇ।

ਨਿਆਪਾਲਿਕਾ ਦੇ ਬੋਨੇ ਅਕਸ ਦੀ ਚਰਚਾ
ਮੈਂ ਕਰਦਾ ਆਪਣੀ ਲਿਖਤ ਚ।
ਕਿਉਂ ਹੁੰਦੀ ਹੈ ਹਰ ਇਨਸਾਫ ਚ ਲੇਟ ਲਤੀਫ਼ੀ।
ਤੁਸੀ ਵੀ ਆਓ ਤੇ ਸਾਥ ਦਿਓ ਮੇਰਾ।
ਪਰ ਮੇਰੇ ਤੇ ਨਹੀਂ, ਖੁਦ ਤੇ ਭਰੋਸਾ ਕਰ ਕੇ ਆਓ।
ਤੇ ਹਰ ਮੈਦਾਨ ਫਤਹਿ ਕਰਨਾ ਸਿੱਖੋ।

#justiceforsidhumoosewala

# ਓਹ ਸੁਪਨੇ ਜੋ ਅਧੂਰੇ ਨੇ।

ਲੀਡਰ ਨੂੰ ਅਭਿਮਾਨ ਕਿਸ ਗੱਲ ਦਾ
ਹਰ 5 ਸਾਲ ਬਾਅਦ ਤਾਂ
ਮੰਗਤੇ ਕਹਾਉਣਾ ਹੀ ਹੈ।
ਇਹਨਾ ਨੂੰ ਦਿਸਦੇ ਨੋਟ ਤੇ ਵੋਟ ਚਾਰ ਚੁਫੇਰੇ।
ਪਰ ਗੱਲ ਹੈ ਕਰਨੀ ਅਸਾ
ਆਪਣੇ ਸੁਪਨਿਆ ਦੀ
ਓਹ ਸੁਪਨੇ ਜੋ ਅਧੂਰੇ ਨੇ।
ਗਰੀਬੀ ਨਾਲ ਜੂਝਦੀ ਜਨਤਾ ਦੀ
ਅਨਪੜ੍ਹਤਾ ਦੇ ਜਾਲ ਚ ਫਸੇ ਮਾਸੂਮ ਦੀ
ਬੇਰੋਜ਼ਗਾਰੀ ਦੀ ਮਾਰ ਝਲਦੇ ਯੂਥ ਦੀ।
ਲੇਟ ਲਤੀਫੀ ਨਿਆਪਾਲਿਕਾ ਦੀ।
ਘਰ ਵਿਚ ਸਾਡੇ ਦਾਣੇ ਨੀ
ਤੇ ਅਸਾ ਵਿਸ਼ਵ ਗੁਰੂ ਬਣਾਗੇ।
ਹਾਂ ਅੱਗੇ ਹਾ ਅਸੀਂ।
ਤੇ ਬਹੁਤ ਅੱਗੇ ਨਿਕਲ ਵੀ ਜਾਣਾ।
ਪਰ ਧਰਮ ਦੇ ਨਾਂਅ ਤੇ ਲੜਨੇ ਨੂੰ ਅੱਗੇ ਹਾ।
ਅਸੀਂ ਮੰਦਿਰ ਮਸਜਿਦ ਢਾਹੁਣ
ਤੇ ਬਣਾਉਣ ਨੂੰ ਅੱਗੇ ਹਾ।

ਧਰਮ ਤੇ ਧਾਰਮਿਕਤਾ ਦਾ ਸਾਰਥਕ ਅਰਥ
ਸਮਝਾਵੇ ਵੀ ਕੌਣ ਤੁਹਾਨੂੰ?
ਬੇਸ਼ੱਕ ਸਮਾਰਟਫੋਨ ਹੱਥ ਵਿਚ ਹੋਣਗੇ।
ਸਮਾਰਟ ਸਿਟੀ ਦਾ ਮੁੱਦਾ
ਗਾਇਬ ਹੋਏ ਨੂੰ ਅਰਸਾ ਬੀਤ ਚੁੱਕਿਆ।
ਸੈਕੜੇ ਟੀ.ਵੀ. ਚੈਨਲ
ਸੱਚ ਦੀ ਥਾਂ
ਝੂਠ ਦਾ ਪ੍ਰਸਾਰ ਕਰਦੇ ਦਿਸਣਗੇ।
ਚੌਂ ਚੁਫੇਰੇ ਅੰਧਕਾਰ ਨਾਲ ਘਿਰੇ ਵਸਨੀਕ।
ਇਸ ਝਰੋਟੀ ਮਿਆਰੇ ਅੰਦਰ
ਦਮ ਸ਼ਚ ਦਾ ਘੁਟਦਾ ਚਲਾ ਜਾਂਦਾ ਹੈ।
ਸਿੱਧੂ ਤੇਰੇ ਇਨਸਾਫ ਨੂੰ
ਕੋਈ ਵਿਰਲਾ ਖੋੜੋਤਾ ਦਿਸੇ।
ਪਰ ਹਾਲੇ ਤੱਕ ਤੇਰੇ ਹੱਕ 'ਚ ਜੋ ਖੜੀਆਂ,
ਓਹਨਾ ਹਵਾਵਾਂ ਨੂੰ ਸਲਾਮ ਏ।

# ਇਕ ਦਰਿਆ ਵਗਦਾ ਅਵਾਜ਼ਾ ਦਾ

ਇਕ ਦਰਿਆ ਵਗਦਾ ਅਵਾਜ਼ਾ ਦਾ
ਵਿਚ ਨੀਰ ਹੈ ਵਗਦਾ ਜਜ਼ਬਾਤਾਂ ਦਾ।
ਵਿਚ ਡੁੱਬ ਜਾਣੀਆ ਨਜ਼ਮਾਂ ਸਾਰੀਆ ਨੇ
ਜਦ ਮੈਂ ਪਲਟਿਆ ਪੰਨਾ
ਆਪਣੀ ਪ੍ਰੀਤ ਪਿਆਰ ਦੀਆ ਸਾਂਝਾ ਦਾ।
ਹਰ ਰੋਜ਼ ਦੀ ਤਰ੍ਹਾਂ, ਮੈਂ ਏਥੇ ਵੇ
ਤੇਰੀ ਚੁੱਪ ਸੁਣਨ ਨੂੰ ਆਇਆ ਹਾਂ।
ਆਪਣੇ ਆਪ ਨੂੰ ਖੁਦ ਭੁਲਾ ਕੇ ਮੈਂ
ਤੇਰੇ ਖਯਾਲਾਂ ਨੂੰ ਜੀਣ ਹੀ ਆਇਆ ਹਾਂ।
ਬੇੜੀ ਕਾਗਜ਼ ਦੀ ਮੇਰੀ ਡੁੱਬ ਜਾਣੀ
ਜਦ ਵਗਿਆ ਨੀਰ ਜਜ਼ਬਾਤਾਂ ਦਾ।
ਇਕ ਦਰਿਆ ਵਗਦਾ ਅਵਾਜ਼ਾ ਦਾ।
ਵਕਤ ਮੁਕੱਸਮ ਘਾਣ ਜੋ ਕੀਤਾ
ਆਪਣੇ ਹਾਲਾਤਾਂ ਦਾ।
ਦਰਿਆ ਵਗਦਾ ਅਵਾਜ਼ਾ ਦਾ||||||

# ਅਜਿਹਾ ਕਿਉਂ ਹੈ ਮੇਰੇ ਦੇਸ਼ ਅੰਦਰ?

ਬੇਸ਼ੱਕ ਅਸੀਂ ਤੁਹਾਡੇ ਤੋਂ

ਵਧ ਪੜ੍ਹੇ ਲਿਖੇ ਹਾਂ

ਤੇ ਬੇਸ਼ੱਕ ਸਾਡੇ ਘਰ

ਡਿਗਰੀ ਤੇ ਕੀਮਤੀ ਪੰਨਿਆ ਨੂੰ

ਸਯੋਂਖ ਪਈ ਐ ਖਾਂਵਦੀ।

ਪਰ ਕਿਉਂ ਹਾਲੇ ਤੱਕ ਸਾਡੇ ਕੋਲ

ਤੁਹਾਡੇ ਜਿੰਨੀਆ ਪਾਵਰਾਂ ਨਹੀਂ ਹਨ।

ਤੁਸੀ ਭਾਲਦੇ ਹੋ ਨਿੱਤ ਨਵਾ ਵਿਅੰਜਨ

ਆਪਣੀ ਸੁਥਰੀ ਮੇਜ ਤੇ।

ਸੋਨੇ ਚਾਂਦੀ ਦੇ ਥਾਲ ਚ ਪਰੋਸਿਆ।

ਤੇ ਸਾਡੇ ਘਰ ਟੁੱਕਰ ਜੋਗੇ ਵੀ

ਵਸੀਲੇ ਨਹੀਂ ਹਨ ਜੁੜਦੇ।

ਤੁਸੀ ਤਾਂ ਚੰਦ ਝੂਠੇ ਸ਼ਬਦਾ ਨੂੰ ਬੋਲ ਕੇ

ਹਜ਼ਾਰਾ ਦੀ ਭੀੜ ਜਮ੍ਹਾਂ ਕਰਨ ਦਾ

ਹੁਨਰ ਵੀ ਹੋ ਰਖਦੇ।

ਤੇ ਸਾਡੇ ਹਾੜੇ ਪਾਉਂਦਿਆ ਨੂੰ

ਸਾਰ ਲੈਣ, ਕਿਉਂ ਕੋਈ ਅੱਗੇ ਨਹੀਂ ਹੈ ਆਉਂਦਾ।

ਮੇਰੇ ਖੁਦ ਦੇ ਅਸੂਲ ਤੁਹਾਨੂੰ ਅਪਣਾ ਲੀਡਰ

ਮਨਦਿਆ ਨੂੰ ਬੇਜ਼ਤੀ ਜੀ feel ਕਰਦੇ।

ਅਜਿਹਾ ਕਿਉਂ ਹੈ

ਮੇਰੇ ਦੇਸ਼ ਅੰਦਰ?

# ਭੁੱਖ

ਹਾਂਜੀ ਭੁੱਖ ਦੀ ਗੱਲ ਕਰ ਰਿਹਾ ਮੈਂ ਅੱਜ
ਕਿਸੇ ਨੂੰ ਭੁੱਖ ਰੋਟੀ ਦੀ, ਆਪਣੇ ਵਸੀਲੇ ਯੋਗ।
ਤੇ ਕਿਸੇ ਨੂੰ ਭੁੱਖ ਅਨੰਤ ਅਸਮਾਨ ਤਕ ਖਾਣ ਦੀ।
ਜੌ ਕਦੇ ਨਹੀਂ ਹੈ ਮਿਟਦੀ।
ਕਿਸੇ ਨੂੰ ਭੁੱਖ
ਸੱਚੇ ਪਿਆਰ ਨੂੰ ਹਾਸਿਲ ਕਰਨ ਦੀ।
ਮੇਰੀ ਭਟਕਣ ਮੇਰੀ ਕਿਸਮਤ।
ਤੇ ਕਿਸੇ ਦੀ ਔਕਾਤ ਸਿਰਫ ਜਿਸਮਾਂ ਤਕ ਹੈ ਸੀਮਿਤ।
ਜੌ ਹੈ ਬੇਲੋੜੀ ਤੇ ਅਸਭਿਅਕ ਦੀ ਪਰਿਭਾਸ਼ਾ।
ਸਿਰਫ ਇਕ ਰਾਤ ਦੇ ਹਨੇਰੇ ਚ ਗੁੰਮ ਹੋ ਜਾਣ ਵਾਲੀ।
ਸੱਚ ਕੌੜਾ ਹੁੰਦਾ, ਪਰ ਸੁਣ ਕੇ ਜਾਇਓ।
ਕਿਸੇ ਕੂੜੇਦਾਨ ਚ ਬੇਕਰਦੀ ਹੁੰਦੀ
ਮਸਾਲੇਦਾਰ ਵਿਅੰਜਨਾ ਦੀ ਪਰਿਭਾਸ਼ਾ।
ਕਿਸੇ ਮੂਰਤੀ ਉਪਰ ਡੁੱਲਦੇ ਦੁੱਧ ਦੀ ਪਰਿਭਾਸ਼ਾ।
ਕਯਾ ਹੁੰਦੀ ਹੈ
ਬਾਹਰ ਚੌਰਾਹੇ ਤੇ ਬੈਠੇ
ਮੰਗਤੇ ਨੂੰ ਪੁੱਛ ਕੇ ਵੇਖੋ।
ਕੁਝ ਬੱਚੇ ਹੱਥ ਵਿਚ ਫੜੀ ਖੜ੍ਹੇ ਦਿਸਣਗੇ
ਪੁਸਤਕਾਂ ਦੀ ਜਗ੍ਹਾ ਮੰਗਤ ਦੀ ਕਟੋਰੀ।
ਮਜ਼ਦੂਰੀ ਕਰਦੇ ਬੱਚੇ। ਭੁੱਖ ਨਾਲ ਸੌਂਦੇ ਬੱਚੇ।

ਆਹ ਮੇਰਾ ਦੇਸ਼ ਹੈ ਭਾਰਤ

ਜਿਹਨੂੰ ਚਲਾਉਂਦੀ ਹੈ, ਸਿਰਫ ਭੁੱਖ।

ਹਾਂਜੀ ਭੁੱਖ।

#justiceforsidhumoosewala

# ਰੁਪਏ ਦੀ ਵੀ ਲੋੜ ਹੈ ਨੀ।

ਕਯਾ ਤੁਹਾਨੂੰ ਜਿਉਂਦੇ ਹੋਣ ਦਾ
ਸਰਟੀਫਿਕੇਟ ਦੇਣਾ ਸਹੀ ਹੈ?
ਨੇਤਾ ਦਾ ਬਿਆਨ ਪੜ੍ਹੋ
ਤੁਹਾਡੀ ਭੁੱਖ ਦੀ ਕੀਮਤ
5 ਰੁਪਏ ਦੀ ਥਾਲੀ ਐ।
ਤਾਂ ਤੁਸੀਂ ਸਮਝ ਸਕਦੇ
ਭੁੱਖਮਰੀ ਤੇ ਕਰਨਾ ਸਵਾਲ ਵੀ
ਦੇਣਾ ਬਰਾਬਰ ਓਹਨੂੰ ਗਾਲੀ ਐ।
ਕਦੀ ਸੋਚਿਆ ਤੁਸੀਂ
ਤੁਹਾਡੀ ਕਮਾਈ ਕਿਧਰ ਜਾਂਦੀ ਏ ?
ਇਕ ਖੇਡ ਦਾ ਬੇਸ਼ੁਮਾਰ ਦੌਲਤ ਅੰਦਰ।
ਇਕ ਮਰਦਾ ਸੂਬਾ ਤੋਂ ਭੁੱਖ ਨਾਲ।
ਘਰ ਵਿਚ ਭੁੱਖ ਨਾਲ ਵਿਕਲਦੇ ਬੱਚੇ
ਓਹਨਾ ਦੀ ਆਹ
ਮੇਰੇ ਧੁਰ ਅੰਦਰ ਤੱਕ ਜਾਂਦੀ ਹੈ।
ਨੌਕਰੀ ਤੱਕਦਾ ਯੂਥ ਸਾਡਾ।
ਬਾਹਰ ਨੂੰ ਭੱਜਦਾ ਯੂਥ ਸਾਡਾ।
ਪੇਟ ਦੀ ਭੁੱਖ ਬੇਰੁਜਗਾਰੀ,
ਵਤਨਾਂ ਤੋਂ ਪਰਾ ਖਿੱਚ ਲੈ ਹੀ ਜਾਂਦੀ ਏ।
ਘਰ ਚੁਲੇ ਦੀ ਅੱਗ ਲਾਚਾਰੀ,

ਮੋਹ ਦੇਸ਼ ਪੰਜਾਬ ਦਾ ਭੁਲਾ ਹੀ ਜਾਂਦੀ ਏ।

ਸਿੱਧੂ, ਆਓ ਯਾਰੋ ਖੜੇ ਹੋਵੋ

ਹਕੂਮਤ ਤੋਂ ਸਵਾਲ ਕਈ ਨੇ ਕਰਨੇ ਅਪਾ।

ਪਰ ਲੋਕਾਂ ਵਿੱਚ ਤਾਂ ਜਜ਼ਬਾ ਹੈ ਨੀ

ਇਨਕਲਾਬ ਦਾ ਜੋਸ਼ ਹੈ ਨੀ।

ਨਹੀਂ ਤਾਂ ਬੰਦਾ ਭੋਰਾ

ਸ਼ਰਮ ਖਾਣ ਨਾਲ ਵੀ ਰੱਜ ਸਕਦਾ ਹੈ।

5 ਰੁਪਏ ਦੀ ਵੀ ਲੋੜ ਹੈ ਨੀ।

# ਸੰਨਾਟਾ ਚਾਰ-ਚੁਫੇਰੇ ਪਸਰ ਜਾਣਾ

ਜਦ ਹਕੂਮਤ ਮੇਰੇ ਵੱਲ ਹੈ ਝਾਤੀ ਮਾਰਦੀ
ਉਸਦੀ ਅੱਖਾਂ ’ਚ ਮੈਂ ਸਦਾ ਹਾਂ ਰੜਕਦਾ।
ਪਰ ਇਹਨਾਂ ਸਿਧਰਾ ਨਾਲ ਹੀ
ਰਾਹ ਨੇਕੀ ਦੇ ਨੇ ਵਗਦੇ
ਤੇ ਰਾਹੀ ਵੀ ਨੇ ਲੰਘਦੇ,
ਕਿੰਝ ਭੁੱਲ ਜਾਵਾਂ ਸ਼ੁੱਭ ,
ਦੀਪ ਆਪਣੀ ਛੱਤ ਤੇ ਜਗਾਉਣਾ।
(Fight for justice🙇)
ਇਸ ਗਿਹਨ ਸੰਨਾਟੇ 'ਚ ਲਲਕਾਰਾ
ਹੀ ਚੱਲ ਮਾਰੀਏ ਰਲ਼ ਕੇ ਆਪਾ।
ਕੀਤੇ ਆਪਣੀ ਚੁੱਪ ਨਾਲ
ਸ਼ਰਮਿੰਦਾ ਨਾ ਹੋਵੇ
‘ਸ਼ਾਹ ਬੁੱਲੇ ਦਾ ਇਲਮ ਘਰਾਣਾ।
ਕੀ ਕਰਾਂਗੇ! ਜਦ ।
ਜੇਕਰ ਚੁੱਪ ਜੇ ਸਾਡੀ ਬਰੂੰਹਾਂ ਤੇ
ਨਿੱਤ ਇਵੇਂ ਹੀ ਆ ਕੇ ਬੈਠੇ ।
ਫਿਰ ਹਰ ਬਾਬਤ ਖ਼ਤਰੇ ਨੇ ਵੜ
ਆਪਣੇ ਘਰਾਂ ਨੂੰ ਹੀ ਖਾ ਜਾਣਾ।

ਕਲ ਨੂੰ ਇਹ ਡਾਰਾਂ ਘਿਰਨਗੀਆਂ

ਤੇ ਮਾਰਨਗੇ ਸਾਡੀਆਂ ਛਾਵਾਂ ਕੁੱਖਾਂ।

ਸਹਿਮੇ ਰਹਿਣਾ ਤੁਹਾਡੀ ਹੋਣੀ ਮਜਬੂਰੀ

ਜਗਾਓ ਸਿਦਕ ਆਪਣੇ ਨੂੰ

ਤੇ ਬਣ ਜਾਉ ਨਿਰੀਆਂ ਚਟਾਨਾਂ।

ਜਦ ਛਣਕਦੀ ਜ਼ੰਜੀਰ

ਕਿਸੇ ਬੇਕਸੂਰ ਕੈਦੀ ਦੀ।

ਸਮਝ ਲਓ ਇਹ ਸੰਨਾਟਾ

ਚਾਰ-ਚੁਫੇਰੇ ਪਸਰ ਜਾਣਾ।

# ਸੁਪਨਾ ਤਕਦੀਆਂ ਨੇ ਮੇਰੀਆ ਅੱਖੀਆ

ਸੁਪਨਾ ਤਕਦੀਆਂ ਨੇ ਮੇਰੀਆ ਅੱਖੀਆ
ਮੈਂ ਵੀ ਚਾਹੁੰਦਾ ਹਾਂ
ਫੁਰਸਤ ਦੇ ਕੁਝ ਪਲ।
ਪਰ ਨਹੀਂ ਚਾਹੁੰਦਾ ਕਿਸੇ ਦੇ ਸ਼ੋਰ ਨੂੰ
ਚੀਕਾ ਨੂੰ, ਹੰਝੂਆਂ ਨੂੰ
ਅਣਗੌਲਿਆ ਕਰ ਕੇ ਗਹਿਰੀ ਨੀਂਦ
ਦੀ ਬੁੱਕਲ 'ਚ ਜਾਵਾ।
ਏਸੇ ਲਈ ਰੋਜ਼ ਲਿਖਦਾ ਜਾਂਦਾ ਹਾਂ ਨਵਾ ਇਤਿਹਾਸ
ਕਿਸੇ ਸਰਕਾਰ ਦੀ ਗੁਮ ਹੁੰਦੀ ਜਵਾਬਦੇਹੀ
ਤੇ ਕਿਸੇ ਕਿਰਤੀ ਦੇ ਅਣਕਹੇ ਏਹਸਾਸ।
ਕਦੇ ਲਿਖਦਾ ਮਾਸੂਮ ਬੱਚੇ
ਜੋ ਵਾਂਝੇ ਨੇ ਸਕੂਲਾਂ ਤੋਂ, ਕਿਤਾਬ ਤੋਂ ਵੀ।
ਖਾਸਕਰ ਅੱਜ ਕਲ ਤਾਂ
ਸ਼ਾਇਦ ਅਧਿਆਪਕਾਂ ਤੋਂ ਵੀ।
ਕਦੇ ਲਿਖਦਾ ਬੇਆਬਰੂ ਹੁੰਦੀ
ਲੋਕਾ ਦੀ ਸੋਚ ਬਾਰੇ।
ਰੀਲਾ, ਲਾਈਕਸ, ਫਾਲੋਅਰਸ
ਇਹ ਹੈ ਕਯਾ

ਸਿਰਫ ਇਕ ਵੀਡੀਓ ਗੇਮ ਤੋਂ ਸਿਵਾ।

ਕਯਾ ਇਹ ਫਿੱਕੀ ਸ਼ੋਹਰਤ

ਤੁਹਾਡਾ ਢਿੱਡ ਭਰਨ ਲਈ ਹੈ ਕਾਫੀ?

ਸਿੱਧੂ ਕਿਉਂ ਨਹੀਂ ਹਨ ਲੋਕ ਸੋਚਦੇ

ਪੰਜਾਬ ਚ ਦਿਹਸ਼ਤ ਦੇ ਮਾਹੌਲ ਬਾਰੇ।

ਨਸ਼ਿਆ ਨਾਲ ਹੁੰਦੀਆ ਮੌਤਾਂ ਬਾਰੇ।

ਨਿਤ ਉਜੱਡਦੀਆ ਕੁੱਖਾਂ ਬਾਰੇ।

ਨਿੱਤ ਸੁੰਨੇ ਹੁੰਦੇ ਵਿਹੜਿਆ ਬਾਰੇ।

ਚੀਕਾਂ ਤੇ ਕੁਰਲਾਹਟਾਂ ਨਾਲ ਭਰਿਆ ਸਮੁੰਦਰ।

ਆਹ ਹੈ ਮੇਰਾ ਖ਼ੂਨ 'ਚ ਰੰਗਿਆ ਪੰਜਾਬ।

ਏਸੇ ਲਈ ਮੈਂ ਨਹੀਂ ਸੌਂਦਾ।

ਸੁਪਨਾ ਤਕਦੀਆਂ ਨੇ ਮੇਰੀਆ ਅੱਖੀਆ।

ਸਾਫ਼ ਸੁਪਨੇ, ਸਿਦਕੀ ਸੁਪਨ।

ਆਪਣੇਪਨ ਦੇ ਸੁਪਨੇ।

ਸਹੀ ਰਾਹ ਤੇ ਚਲਣ ਦੇ ਸੁਪਨੇ।

ਉਸਤਤ ਤੇ ਹਲੀਮੀ ਦੇ ਸੁਪਨੇ।

ਮੈਂ ਵੀ ਚਾਹੁੰਦਾ ਹਾਂ

ਫੁਰਸਤ ਦੇ ਕੁਝ ਪਲ।

ਸੁਪਨਾ ਤਕਦੀਆਂ ਨੇ ਮੇਰੀਆ ਅੱਖੀਆ।

ਵਾਰੀ ਤਾਂ ਉਸ ਮਜਬੂਰ ਕੁੜੀ ਦੀ ਆਵੇਗੀ
ਜਿਹਦੀ ਵਜ਼ਹ ਨੇ ਸ਼ਾਇਦ ਮੈਨੂੰ ਲੀਖਣੇ ਲਾਇਆ।
ਮੈਨੂੰ ਮਾਣ ਹੈ ਓਸਤੇ ਜੀਹਨੇ ਮੈਥੋਂ ਉਪਰ
ਆਪਣੇ ਮਾਪਿਆਂ ਦੇ ਸਿਦਕ ਨੂੰ ਚਾਹਿਆ।
ਕਿਸੇ ਦਿਨ ਪਹੁੰਚ ਜਾਣਗੇ ਮੇਰੇ ਲਿਖੇ ਜਜ਼ਬਾਤ
ਤੇਰੇ ਹੱਥ ਪਏ ਵਰਕਿਆ ਤੀਕਰ।
ਪਰ ਬੰਦ ਹੋ ਜਾਣਗੀਆਂ ਮੇਰੀ ਦੋਨੋ ਅੱਖੀਆ।
ਤੇ ਮਰ ਚੁੱਕੇ ਹੋਣਗੇ ਜਜ਼ਬਾਤ ਮੇਰੇ
ਕਰੀ ਨਾ ਤੂੰ ਭੋਰਾ ਫ਼ਿਕਰ।
ਪਰ ਅੱਜ ਥਾਈਂ ਵੀ।
ਤੇਰਾ ਹੀ ਸੁਪਨਾ ਤਕਦੀਆਂ ਨੇ ਮੇਰੀਆ ਅੱਖੀਆ ।

**Special thanks to my sister Komalpreet Kaur Aulakh**

ਵਾਰੀ ਵਾਰੀ ਇੱਕ ਇੱਕ
ਸੱਚ ਦੱਸ ਰਿਹਾ ਸੀ ਮੈਂ।
ਹਾਕਮ ਸਮੇਂ ਦੇ ਨੂੰ
ਵਿਚ ਸ਼ਿਕੰਜੇ ਕੱਸ ਰਿਹਾ ਸੀ ਮੈਂ।
ਆਵਾਜ਼ ਨਹੀਂ ਦੱਬ ਹੋਈ
ਤਾਂ ਗੁੰਮ ਕਰਵਾ ਦਿੱਤਾ।
ਆਪੇ ਮਰਵਾ ਕੇ ਮੈਨੂੰ
ਆਪੇ ਰੌਲਾ ਪਾ ਦਿੱਤਾ।
ਕੀ ਸੀ ਕਸੂਰ ਦੱਸਿਓ
ਬਾਪ ਤੇ ਮੇਰੀ ਮਾਂ ਦਾ
**ਡਿੱਗਜੇ** ਨਾ ਝੂਠਾ ਰੁਤਬਾ
ਕਿਸੇ ਦਾ ਪੁੱਤ ਮਰਵਾ ਦਿੱਤਾ ।

ਬਾਈ ਫ਼ੋਟੋ ਕਰਾਉਣੀ ਹੈ ਤੇਰੇ ਨਾਲ
ਕਿਸੇ ਲਾਸ਼ ਨੂੰ ਹੱਥ ਨਾ ਪਾਇਆ
ਖੜੇ ਤੇਰੇ ਨਾਲ ਹਿੱਕ ਤਾਣ ਕੇ
ਦਿਲਾਸਾ ਝੂਠਾ ਹੀ ਥਿਆਇਆ
ਗੀਤ ਹੀ ਸੁਣਨੇ ਜੋਗੇ ਰਹਿ ਗਏ
ਕੋਈ ਆਪ ਹੀ ਗੀਤ ਬਣ ਗਿਆ
ਮਰਨਾ ਮਰਾਉਣਾ ਤਾਂ ਹੋਇਆ ਆਮ ਜਿਹਾ

ਲਹੂ ਗਰਮ ਅੱਜ ਜੋ ਸ਼ੀਤ ਬਣ ਗਿਆ

ਕੀ ਕਹਾਂ ਇਸ ਮਾੜੇ ਕਾਨੂੰਨ ਨੂੰ
ਨਾ ਮੂੰਹ 47 ਨਾ 84 ਵੱਲ ਕਰਦੇ

ਬੇੜਾ ਗ਼ਰਕ ਤਾਂ ਸਰਕਾਰਾਂ ਦਾ
ਕਦੇ ਨਾ ਇਨਸਾਫ਼ ਦੀ ਗੱਲ ਕਰਦੇ
ਹੋਇਆ 75 ਸਾਲਾਂ ਤੋਂ ਵੀ

ਬਦਲਾਅ ਨਹੀਂ
ਕਤਲੇਆਮ ਲੱਖਾਂ ਦਾ ਵੀ
ਕਿਸੇ ਤੋਂ ਕੋਈ ਲੁਕਾਅ ਨਹੀਂ
ਮਾੜੇ ਨੂੰ ਮਾਰੀ ਜਾਂਦੇ ਨੇ
ਕਰਦੇ ਜਲਾਦਾਂ ਦੀ ਰੱਖਿਆ
ਸਾਫ਼ ਤਾਂ ਪੰਜਾਬਾਂ ਸਭ ਤੇਰੇ ਅੱਗੇ
ਅਜੇ ਵੀ ਤੈਨੂੰ ਕੋਈ ਸ਼ੱਕ ਆ

ਕੱਪੜਾ ਸੁੱਟ ਦਿੱਤਾ ਨਾਲੀ ਕੋਲ
ਪਸੰਦ ਨਹੀਂ ਸੀ ਤਾਂ ਕਰਿਆ
ਹਿੱਲਣ ਲੱਗਾ, ਖ਼ੋਲ ਕੇ ਦੇਖਿਆ

ਕੁੜੀ ਸੀ ਇੱਕ,

ਉਨ੍ਹਾਂ ਤਾਂ ਕਰਿਆ
ਮੁੰਡਾ ਹੁੰਦਾ ਜੇ ਸੁੱਟਣਾ ਨਹੀਂ ਸੀ
ਸਾਂਭ ਕੇ ਰੱਖ ਲੈਂਦੇ
ਬੁਢਾਪੇ 'ਚ ਸਿੱਧੇ ਮੂੰਹ ਬੁਲਾਵੇ ਨਾ।

ਫਿਰ ਮੱਥੇ ਹੱਥ ਰੱਖ ਲੈਂਦੇ ।

ਵਿਕਸਿਤ ਦੇਸ਼ ਚ ਵਿਕਾਸ
ਨਜ਼ਰ ਆ ਰਿਹਾ ਮੈਨੂੰ
ਭਵਿੱਖ ਹੋਊ ਅਸੁਰੱਖਿਅਤ
ਨਜ਼ਰ ਆ ਰਿਹਾ ਮੈਨੂੰ
ਮੁਲਾਕਾਤਾਂ ਕਿੰਨਿਆਂ ਦੀਆਂ
ਭੁੱਖ ਮੌਤ ਨਾਲ ਕਰਾਈਆਂ
ਗਿਣੀਆਂ ਨਹੀਂ ਆਤਮ ਹੱਤਿਆ
ਨੰਬਰ ਬੱਸ ਤਨਖ਼ਾਹ ਦਾ ਹੀ ਪਾਇਆ
ਲੈ ਸਾਡੇ ਕੋਲੋਂ ਇਹ, ਸਾਨੂੰ ਹੀ ਨੇ ਵੇਚਦੇ
ਐਸੇ ਬੰਦੇ ਵੀ ਨੇ ਦੇਖੇ,
ਮੈਂ ਇਸ ਦੇਸ਼ ਦੇ

ਚਲਾ ਸਕੀਮਾਂ ਭੋਲੇ, ਖ਼ੁਸ਼ ਕਰੀ ਜਾਂਦੇ ਨੇ
ਕੰਮ ਪਾਪੀਆਂ ਵਾਲੇ, ਦੁੱਸ਼ ਕਰੀ ਜਾਂਦੇ ਨੇ
ਕਿਹੜੀ ਆਜ਼ਾਦੀ ਕਿੱਥੇ ਦਿੱਤੀ ਸਾਨੂੰ ?
ਲੋਕੀ ਕੀ ਮਨਾਈ ਜਾਂਦੇ ਨੇ
ਜਾਗ ਉੱਠੋ ਜ਼ਮੀਰ ਵਾਲਿਓ ਹੁਣ ਤਾਂ,
ਇਹ ਆਪਸ 'ਚ ਭਾਈ ਮਰਵਾਈ ਜਾਂਦੇ ਨੇ
ਅੱਧ ਵੀ ਨਹੀਂ, ਨਾ ਪੂਰਾ ਆਪਣਾ
ਪੱਖ ਕੋਈ ਰੱਖ ਸਕਦਾ

ਸੱਚ ਕਹਿਣਾ ਬੜੀ ਦੂਰ ਦੀ ਗੱਲ
ਨਾ ਮਰਜ਼ੀ ਬਿਨਾਂ ਕੋਈ ਹੱਸ ਸਕਦਾ
ਹਾਇਪੋਕਰੇਸੀ ਹੱਸੇ ਅਖ਼ਬਾਰਾਂ 'ਚ

ਮੀਡੀਆ ਇਹ ਝੂਠ ਦੱਸੇ ਹਜ਼ਾਰਾਂ 'ਚ

ਗੋਦੀ ਮੀਡੀਆ ਚੁੱਕੇ ਨਾ
ਮੁੱਦੇ ਚਾਹੀਦੇ ਜੋ ਚੁੱਕਣੇ
ਪੇਟ ਭਰੀ ਜਾਂਦੇ ਪੈਸਿਆਂ ਨਾਲ
ਚੱਲ ਕਦੇ ਨਾ ਕਦੇ ਤਾਂ ਰੁਕਣੇ
ਪਰ ਕਿਵੇਂ?

ਇਕੱਠੇ ਮੁੜ ਹੋਣਾ ਪੈਣਾ 1857 ਵਾਂਗਰਾਂ

ਢਾਹੁਣਾ ਪੈਣਾ ਵੈਰੀ ਮਾਰ ਚਾਂਗਰਾਂ
ਇਨਸਾਫ਼ ਨੀਤੀ ਬਦਲਣੀ ਪਊ
ਤਾਂ ਕੁੱਝ ਫ਼ਰਕ ਹੋਣਾ
ਕਿਉਂ? ਕਿਸ ਲਈ? ਕਿਵੇਂ?

ਕਰਿਆ ਹੀ ਤਰਕ ਹੋਣਾ
ਸੋਚ ਬਦਲੋ, ਥੋੜ੍ਹਾ ਧਿਆਨ ਦੇਣ ਦੀ ਗੱਲ ਆ

ਇੱਕੋ ਹੀ ਇਸ ਮਸਲੇ ਦਾ ਹੱਲ ਆ
ਮੇਰੇ ਬੁੱਤ ਨੂੰ ਮੱਥੇ
ਬਥੇਰੇ ਟੇਕ ਲਏ
ਦੱਸੋ ਖੜਨਾ ਵੀ ਐ ਜਾਂ ਨਹੀਂ?

ਬਹਿ **ਤਾਂ** ਵਾਧੂ ਕੱਟ ਕੇਕ ਲਏ।

ਸੈਡ ਸਟੇਟਸ ਨਹੀਂ ਚਾਹੀਦੇ
ਨਾ ਅਫ਼ਸੋਸ ਕਿਸੇ ਦਾ
ਕੈਂਡਲ ਮਾਰਚ ਵੀ ਨਹੀਂ
ਚਾਹੀਦਾ ਹੈ ਬੱਸ ਹੱਕ ਹਿੱਸੇ ਦਾ
ਲਿਖ ਰਿਹਾ ਜੋ ਉਹ ਨਹੀਂ
ਮੈਂ ਇਹਦੇ 'ਚ ਆਪ ਬੋਲਦਾ

ਮਿਲਿਆ ਨਹੀਂ ਇਨਸਾਫ਼
ਸਾਲ ਬੀਤ ਗਿਆ
ਤਾਂ ਬੋਲਦਾ।

**Special thanks to Anomous fan...**

ਮੈਂ ਲਿਖਿਆ

ਜਦ ਵੀ ਲਿਖਿਆ

ਅਪਣੇ ਲਈ ਨਹੀਂ ਤੇਰੀ ਰੂਹ ਦੀ

ਸੋਚ ਨੂੰ ਅੱਗੇ ਰੱਖ ਕੇ ਲਿਖਿਆ।

ਬੇਸ਼ੱਕ ਬੋਲ ਮੇਰੇ ਨੇ

ਪਰ ਸੋਚ ਤੇਰੀ।

ਅਰਮਾਨ ਤੇਰੇ

ਤੇ ਹਰ ਅਰਮਾਨ ਚ ਆਤਿਸ਼ ਵੀ ਤੇਰੀ।

ਤੇਰੇ ਅੰਦਰ ਵੱਸਦੇ

ਸਾਰੇ ਜਹਾਂ ਦੇ ਬੋਲ।

ਕੁਝ ਗੱਲਾਂ ਕੁਝ ਸ਼ਬਦ

ਕਲਮ ਤੋਂ ਕਦੇ ਲਿਖੇ ਨਹੀਂ ਜਾਂਦੇ।

ਪਰ ਅਰਥ ਕਿਤੇ ਵਿਸ਼ਾਲ ਹੁੰਦੇ ਨੇ।

ਕਾਗਜ਼ਾਂ ਤੋਂ ਓਹ ਸ਼ਬਦ।

ਮੇਰੀ ਔਕਾਤ ਹੀ ਕਯਾ ਕੇ

ਲਿਖ ਪਾਵਾ। ਓਹੀ ਸ਼ਬਦ।

ਤੇ ਤੇਰੀ ਸੋਚ ਦੀ ਬਰਾਬਰੀ ਕਰ ਪਾਵਾ।

ਮੈਨੂੰ ਅੱਜ ਵੀ ਤੇਰੇ ਹਰ ਇਕ ਗੀਤ ਦਾ ਚਾਅ ਹੈ।

ਮੈਂ ਬੈਠ ਸੁਣਦੀ ਹਾ ਤੇਰੇ ਹੀ ਗੀਤ
ਤੇ ਮੈਂ ਚਾਹੁੰਦੀ ਹਾਂ ਤੈਨੂੰ ਆਪਣੇ ਸਾਵੇਂ ਵੇਖਣਾ।
ਤੇ ਤੇਰੇ ਇਨਸਾਫ ਦੀ ਮੰਗ ਮੇਰੀ ਏਸ ਸਿਸਟਮ ਤੋਂ।
ਮੈਂ ਰੋਜ਼ ਗੁਹਾਰ ਲਗਾਉਂਦੀ ਹਾ।
ਥੱਕਦੀ ਹਾਂ ਪਰ ਟੁੱਟਦੀ ਨਹੀਂ।
ਤੇ ਹਾਂ ਮੈਂ ਖੜਾਂਗੀ ਅਖੀਰ ਤੱਕ।

# ਸਾਡੇ ਵਿਚਾਰ

ਹੈ ਹਾਕਮ ਦੀ ਮਰਜ਼ੀ
ਕੇ ਮਿਟਾ ਦੇਣਾ ਚਾਨਣ ਨੂੰ
ਜ਼ਿੱਦ ਮੇਰੀ ਕੇ ਮੈਂ
ਇਤਿਹਾਸ ਬਣ ਰੁਸ਼ਨਾ ਦੇਣਾ।
ਪੋਤ ਸਿਆਹੀ, ਭਿਗੋਣੇ ਜਜ਼ਬਾਤ ਦੇ ਵਰਕੇ
ਜੋਤ ਸਚਿਆਈ ਕਿਰਨਾਂ 'ਚ ਸਾਹਸ ਦੀ ਝੋਂਕ ਕੇ
ਦੀਵਾਰ ਮੈਲੀ ਧੁੰਦ ਦੀ ਦਿਸਣੋਂ
ਵੇਖੀ ਸਿੱਧੂ ਆਪਾ ਹਟਾ ਦੇਣਾ।
ਬੰਦ ਦਰਵਾਜਿਆਂ ਮਗਰ ਹੁੰਦੀਆਂ ਕੁਰਲਾਹਟਾਂ
ਸ਼ੋਰ ਭੀੜ ਦਾ, ਕਰਵਾਉਣ ਸਿਆਸਤਾਂ
ਜਦ ਰਾਖ ਜੋ ਹੋਵਣ, ਸਿਦਕ ਦੇ ਸੁਪਨੇ
ਤਾਂ ਸੁੱਤੀਆਂ ਰੂਹਾਂ ਨੂੰ ਆਪਾਂ ਜਗਾ ਦੇਣਾ।
ਵੈਣ ਨਾ ਪੈਣ ਮਜ਼ਲੂਮ ਦੇ ਘਰਾਂ ।
ਦੇਰ ਨਾ ਹੋਵੇ ਇਨਸਾਫ਼ ਦੇ ਦਰਾਂ ।
ਕਿਤੇ ਤਮਾਸ਼ਾ ਨਾ ਬਣਨ
ਸੰਵਿਧਾਨਕ ਤਕਰੀਰਾਂ।
ਜਜ਼ਬਾ ਜੂਝਣੇ ਦਾ ਹੱਕ ਇਨਸਾਫ਼ ਖ਼ਾਤਰ
ਪਾਠ ਨਿਡਰਤਾ ਦਾ ਆਪਾ ਪੜ੍ਹਾ ਦੇਣਾ।
ਹੋਵੇ ਪਿਆਰ ਤੇ ਸਾਂਝ ਸਭਦੇ ਮਨ ਚ।

ਹੋਵੇ ਖ਼ੁਸ਼ਹਾਲੀ ਤੇ ਵਿਕਾਸ , ਤੁਹਾਡੇ ਜ਼ਿਹਨ ‘ਚ।

ਹਰ ਅੰਨਿਆਈ ਲਈ ਉੱਤਰੋ ਮੈਦਾਨੇ।

ਹਨੇਰਾ ਦੀਪ ਤੋਂ ਓਹਲੇ ਆਪਾ ਕਰਵਾ ਦੇਣਾ।

ਜ਼ਿੱਦ ਮੇਰੀ ਕੇ ਮੈਂ

ਇਤਿਹਾਸ ਬਣ ਰੁਸ਼ਨਾ ਦੇਣਾ।

## Writer's note

ਕਈਆਂ ਨੇ ਸਵਾਲ ਹੋਣੇ

"vol 2" ਦੇ ਬਾਅਦ ਹੈ ਕਯਾ?

"vol 3" ਯਾ

"ਕੁੱਛ ਪੰਨੇ 1947 ਤੋਂ"

ਪਰ ਮੈਂ ਸਾਫ਼ ਕਰ ਦੇਂਦਾ ਇਸ ਵਿਸ਼ੇ ਨੂੰ।

ਮੇਰਾ ਫ਼ਿਲਹਾਲ ਕੋਈ ਇਰਾਦਾ ਨਹੀਂ vol 3 ਦਾ।

ਕਿਉਂਕਿ ਮੈਂ ਚਾਉਂਦਾ ਕੇ

ਇਨਸਾਫ਼ ਵਿਚ ਦੇਰੀ ਨਾ ਹੋਵੇ

ਤੇ Vol 3 ਲਿਖਣ ਦੀ ਲੋੜ ਹੀ ਨਾ ਪਵੇ।

ਨਾਲ ਹੀ ਅਗਲੀ ਕਿਤਾਬ ਸਾਡੀ

ਕੁੱਛ ਪੰਨੇ 1947 ਤੋਂ ਬਹੁਤ ਜਲਦੀ ਆਵੇਗੀ।

ਉਹਦਾ ਵੀ ਕੰਮ ਲਗਭਗ ਪੂਰਾ ਹੋ ਚੁੱਕਿਆ।

ਸਿੱਧੂ ਵੀਰ ਦੇ ਇਨਸਾਫ਼ ਪ੍ਰਤੀ ਅਸੀਂ ਆਹੀ ਕਹਾਂਗੇ ਕਿ

ਸਰਕਾਰ ਤੇ ਲੋਕ ਖ਼ੁਦ ਮੁਖ਼ਤਿਆਰ ਹੋਣ ਇਸੇ ਵਿਸ਼ੇ ਤੇ।

ਕਿਉਂਕਿ ਇਸੇ ਕਿਤਾਬ ਦਾ ਮਕਸਦ ਲੋਕਾਂ ਨੂੰ ਜਾਗਰੂਪ ਕਰਨਾ

ਤੇ ਸਹੀ ਰਾਹ ਦੱਸਣਾ ਹੈ, ਨਾ ਕੇ ਪੂੰਜੀ ਅਰਜਿੱਤ ਕਰਨੀ।

ਮੇਰੀ ਇਹ ਕਿਤਾਬ ਦੇ ਦੋਨੋਂ ਵਰਜਣ

Amazon ਤੇ ਹਮੇਸ਼ਾ ਮਿਲਦੇ ਰਹਿਣਗੇ।

ਤੇ ਰਹੀ ਗੱਲ Vol 3 ਦੀ।

ਫ਼ਿਲਹਾਲ ਉਹਦੀ ਕੋਈ ਲੋੜ ਨਹੀਂ।

ਪਰ ਯਕੀਨ ਰੱਖਿਓ ਕੇ ਸਾਡੀ ਮਿਹਨਤ ਤੇ ਇਮਾਨਦਾਰੀ

ਵਿਚ ਕੋਈ ਘਾਟ ਵੀ ਨਹੀਂ।

ਅਸੀਂ ਹਮੇਸ਼ਾ Vol 3 ਲਈ ਵੀ ਅਗਰਸਰ ਹਾਂ।

ਤੇ ਉਮੀਦ ਰੱਖਦੇ ਕੇ ਲੋਕ ਵੀ ਸਾਡੀ ਗਲ ਸੁਣਨ ਤੇ ਸਮਾਜ

ਦੀ ਬਿਹਤਰੀ ਲਈ ਅੱਗੇ ਆਉਣ।

ਉਮੀਦ ਹੈ ਕਿ ਤੁਸੀਂ ਸਾਡੀ ਗੱਲ ਨੂੰ ਸਮਝਿਆ ਤੇ

ਤੇ ਸਾਡੇ ਕੰਮ ਨੂੰ ਸਿਰਾਹਿਆ।

ਤੁਹਾਡੇ ਸਾਰਿਆ ਦਾ ਸ਼ੁਕਰੀਆ। ਧੰਨਵਾਦ।

"ਹਿਤੇਸ਼ ਕੁਮਾਰ ਮੁਟਰੇਜਾ"

**Cont..to vol 2.5 fan edition**